ੴ ਸਤਿਗੁਰ ਪ੍ਰਸਾਦਿ ॥

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ
ਗੁਰਸਿਖੀਂ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ।

# ਪਾਕਸਤਾਨ ਅੰਦਰ
# ਰਹੇ
# ਗੁਰਦੁਆਰੇ

ਗੁਰੂ ਨਾਨਕ ਮਿਸ਼ਨ ਪਟਿਆਲਾ

ਭੇਟਾ 25 ਪੈਸੇ

# ਪਾਕਸਤਾਨ ਅੰਦਰ ਰਹੇ ਗੁਰਦੁਆਰੇ

ਸੰਨ ੧੯੪੭ ਦੀ ਭਾਰਤ ਵੰਡ ਅਤੇ ਹਿੰਦੂ ਸਿਖ ਤੇ ਮੁਸਲਮਾਨਾ ਦੀ ਦੇਸ਼ ਬਦਲੀ ਤੋਂ ਵਿਅਕਤੀਗਤ ਮਾਲੀ ਤੇ ਜਾਨੀ ਨੁਕਸਾਨ ਜੋ ਸਾਰੀਆਂ ਕੌਮਾਂ ਨੂੰ ਹੋਇਆ ਅਤੇ ਵਿਦਿਅਕ ਅਤੇ ਹੋਰ ਅਦਾਰੇ ਜੋ ਗਾੜ੍ਹੇ ਪਸੀਨੇ ਦੀ ਕਮਾਈ ਨਾਲ ਹਿੰਦੂ ਮੁਸਲਮਾਨ ਤੇ ਸਿਖਾਂ ਨੇ ਉਸਾਰੇ ਸਨ, ਜਿਸ ਤਰਾਂ ਉਨ੍ਹਾਂ ਪਾਸੋਂ ਖੋਹੇ ਗਏ, ਬੜਾ ਦਰਦਨਾਕ ਹੈ। ਪਰ ਜਿਸ ਥਾਉਂ ਨਿਰੰਕਾਰੀ ਨੂਰ ਦਾ ਜ਼ਹੂਰ ਹੋਇਆ ਹੋਵੇ, ਜਿਸ ਦੀਆਂ ਰਿਸ਼ਮਾਂ ਨੇ ਵਿਹੁਲੇ ਨਾਗ ਕੀਲ ਸੁੱਟੇ ਅਤੇ ਪਥਰਾਂ ਨੂੰ ਮੋਮ ਕਰ ਦਿਤਾ ਹੋਵੇ ਜਿਥੋਂ ਉਠਦੇ ਇਲਾਹੀ ਨਾਦ ਦੇ ਨਗ਼ਮੇ ਅਜ ਵੀ ਕਰੂਰ ਦ੍ਰਿਸ਼ਟ ਲੋਕਾਂ ਦੀ ਕਰੂਰਤਾ ਹਰਨ ਦੀ ਸਮਰਥਾ ਰਖਦੇ ਹੋਣ ਉਸ ਥਾਂ ਦੇ ਦੀਦਾਰ ਅਤੇ ਉਸ ਦੀ ਪਾਵਨ ਛੋਹ ਤੋਂ ਉਸ ਦੇ ਸ਼ੈਦਾਈਆਂ ਨੂੰ ਵਾਂਜ ਦੇਣ ਤੋਂ ਵਡਾ ਅਨਰਥ ਹੋਰ ਕੀ ਹੋ ਸਕਦਾ ਹੈ ?

ਫਿਰ ਸ਼ਹੀਦ ਕੌਮਾਂ ਦੀ ਜਿੰਦ ਪ੍ਰਾਣ ਕਹੇ ਜਾਂਦੇ ਹਨ। ਸ਼ਹੀਦ ਦੇ ਸਥਾਨ ਤੇ ਡਿਤਾ ਇਕ ਇਕ ਬੋਸਾ ਮੁਰਦਾ ਲੋਕਾਂ ਨੂੰ ਜੀਵਨ ਕਣੀ ਬਖਸ਼ ਦੇਂਦਾ ਹੈ। ਤਾਂ ਉਨ੍ਹਾਂ ਲੋਕਾਂ ਦਾ ਜੀਉਂਦੇ ਰਹਿਣਾ ਕਿਵੇਂ ਸੰਭਵ ਹੋ ਸਕਦਾ ਹੈ ਜਿਨ੍ਹਾਂ ਦੇ ਇਕ ਨਹੀਂ ਬਲਕਿ ਹਜ਼ਾਰਹਾ ਸ਼ਹੀਦਾਂ ਦੀਆਂ ਪਵਿੱਤਰ ਯਾਦਾਂ ਉਨ੍ਹਾਂ ਪਾਸੋਂ ਖੋਹ ਲਈਆਂ ਗਈਆਂ ਹੋਣ। ਇਕੱਲਾ ਲਾਹੌਰ ਸ਼ਹਿਰ ਹੀ ਅਣਗਿਣਤ ਸ਼ਹੀਦੀ ਯਾਦਾਂ ਅਪਣੇ ਅੰਦਰ ਸਮੋਏ ਹੋਏ ਹਨ। ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਲੈ ਕੇ ਅਠਾਰ੍ਹਵੀਂ ਸਦੀ ਦੇ ਅੰਤ ਤਕ ਇਹ ਸਿਖ੍ਹਾਂ ਦੀ ਭਿਆਨਕ ਕਤਲ ਗਾਹ ਬਣਿਆ ਰਿਹਾ ਜਿਥੇ ਮਾਸੂਮ ਬਚੇ ਬਿਰਧ ਜਵਾਨ ਇਸਤਰੀ ਮਰਦ ਬਿਨਾਂ ਇਮਤੀਆਜ਼ ਇਸ ਲਈ ਕਤਲ ਕੀਤੇ ਜਾਂਦੇ ਰਹੇ ਕਿ ਓਹ ਸਿਖ ਸਨ। ਨਨਕਾਣਾ ਸਾਹਿਬ ਦੇ ੧੩੦ ਸ਼ਹੀਦ ਸਿਖ੍ਹਾਂ ਦੀ ਰਾਖ ਤੇ ਅਸਥੀਆਂ ਅਜੇ ਤਕ ਉਥੇ ਸੁਰਖਿਅਤ ਪਈਆਂ ਹਨ।

ਅਜ ਕਲ ਦੇ ਆਜ਼ਾਦੀ ਦੇ ਜ਼ਮਾਨੇ ਵਿਚ ਸਿਖਾਂ ਨਾਲ ਇਹ ਕੇਡਾ ਧੱਕਾ ਹੈ ਕਿ ਓਹ ਆਪਣੇ ਬਜ਼ੁਰਗਾਂ ਦੇ ਅਜੇਹੇ ਪਾਵਨ ਅਸਥਾਨਾਂ ਦੀ ਸੇਵਾ ਸੰਭਾਲ ਤੇ ਚਰਨ ਧੂੜ ਮਥੇ ਲਾਉਣ ਤੋਂ ਵਾਂਜੇ ਰਹਿਣਾ ਅਜ ਦੇ ਇਸ ਲੇਖ ਦਾ ਇਹ ਵਿਸ਼ਾ ਹੈ।

ਸਕੱਤਰ

ੴ ਸਤਿਗੁਰ ਪ੍ਰਸਾਦਿ ॥

ਸਾ ਧਰਤ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰ ਬੈਠਾ ਆਇ
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ
ਧਨੁ ਧੰਨੁ ਪਿਤਾ ਧਨੁ ਧੰਨੁ ਕੁਲ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ'
(ਮ: ੪ ਵਾਰ ਗਉੜੀ)

ਜਿਸ ਧਰਤੀ ਤੇ ਗੁਰੂ ਨਾਨਕ ਨਾਮ ਦਾ ਸੂਰਜ ਉਦੇ ਹੋਇਆ ਅਤੇ ਉਸ ਅਰਸ਼ੀ ਨੂਰ ਦੀਆਂ ਕਿਰਨਾਂ ਨੇ ਜਿਸ ਨੂੰ ਸਾਰਿਆਂ ਤੋਂ ਪਹਿਲੋਂ ਮੁਨੱਵਰ ਕੀਤਾ, ਜਿਸ ਥਾਉਂ ਨਾਨਕ ਗੁਰੂ ਨੇ ਮਾਤਾ ਤ੍ਰਿਪਤਾ ਅਤੇ ਭੈਣ ਨਾਨਕੀ ਦੀਆਂ ਮਿਠੀਆਂ ੨ ਲੋਰੀਆਂ ਦਾ ਰਸ ਮਾਣਿਆ, ਜਿਸ ਥਾਂ ਦੀ ਮਿਟੀ ਦਾ ਜ਼ੱਰਾ ੨ ਬਾਲ ਗੁਰੂ ਨਾਨਕ ਦੇ ਪਵਿਤ੍ਰ ਚਰਨਾਂ ਦੀ ਛੋਹ ਨੂੰ ਪਾ ਕੇ ਖ਼ਾਕੀ ਤੋਂ ਨੂਰੀ ਹੋ ਗਿਆ ਅਤੇ ਸਾਰੀ ਧਰਤੀ 'ਧਰਣਿ ਸੁਵੰਨੀ ਖੜ ਰਤਨ ਜੜਾਵੀ' ਬਣ ਗਈ; ਜਿਥੇ ਨਾਨਕ ਗੁਰੂ ਨੇ ਅਨੇਕ ਤਰਾਂ ਦੀਆ ਬਾਲ ਲੀਲ੍ਹਾ ਰਚਾਈਆਂ ਅਤੇ ਅਪਣੇ ਹਮਜੋਲੀ ਖਿਡਾਰੂਆਂ ਨੂੰ ਸਤਿਨਾਮ' ਦੀ ਖੇਡ ਖਿਡਾਈ, ਜਿਥੇ ਅਪਣੀ ਵਰ੍ਹੇਸ ਦੇ ਸਤਵੇਂ ਸਾਲ ਵਿਚ ਪੰਡਤ ਗੋਪਾਲ ਨੂੰ 'ਜਬ ਲੇਖਾ ਦੇਵਹਿ ਬੀਰਾ ਤਉ ਪੜਿਆ' ਸੁਣਾ ਕੇ ਵਿਦਵਾਨ ਪੰਡਤ ਬਨਣ ਦੀ ਬਿਧ ਇਉਂ ਸਮਝਾਈ :

'ਬੁਝੈ ਗਿਆਨ ਬੂਝੈ ਜੋ ਕੋਈ, ਪੜਿਆ ਪੰਡਤ ਸੋਈ'

ਜਿਥੇ ਬਾਬੇ ਕਾਲੂ ਦੀਆਂ ਮਹੀਆਂ ਚਾਰਦਿਆਂ ਜੰਗਲੀ ਵਣਾਂ ਨੂੰ ਭਾਗ ਲਾਇਆ ਅਤੇ ਜ਼ਹਿਰੀ ਨਾਗ ਨੂੰ ਅਪਣੇ ਨੂਰੀ ਚੇਹਰੇ ਦੇ ਤੇਜ ਨਾਲ ਐਸਾ ਕੀਲਿਆ ਕਿ ਓਹ ਫਣ ਫੈਲਾ ਕੇ ਘੂਕ ਸੁਤੇ ਨਾਨਕ ਗੁਰੂ ਦੇ ਕੋਮਲ ਚੇਹਰੇ ਅਤੇ ਭਠ ਤਪਦੇ ਸੂਰਜ ਵਿਚਾਲੇ ਕੰਧ ਬਣ ਖਲੋਤਾ, ਤਾਂ ਕਿ ਸਿਖਰੋਂ ਆਏ ਸੂਰਜ ਦੀਆਂ ਤਿਖੀਆਂ ਰਿਸ਼ਮਾਂ ਛੋਟੂ ਨਾਨਕ ਦੀ ਮਿਠੀ ੨ ਨੀਂਦ ਨੂੰ ਉਖਾੜ ਨ ਸਕਣ, ਹਾਂ, ਏਥੇ ਹੀ

ਇਸ ਅਣੋਖੇ ਛੜੂ ਦੀਆਂ ਮਹੀਆਂ ਨੇ ਜਟ ਦਾ ਲਹਿਲਹਾਉਂਦਾ ਖੇਤ ਉਜਾੜ ਕੇ ਫਨਾਹ ਫਿੱਲਾ ਕਰ ਦਿਤਾ ਤਾਂ ਪਾਰਬ੍ਰਹਮ ਪਰਮੇਸ਼ਰ ਨੂੰ ਉਸ ਪਿਆਰ ਸਦਕਾ ਜੋ ਉਸ ਦਾ ਗੁਰੂ ਨਾਨਕ ਨਾਲ ਸੀ ਓਹ ਖੇਤ ਜਿਉਂ ਦਾ ਤਿਉਂ ਹਰਾ ਭਰਾ ਕਰਨਾ ਪਿਆ ਤਾਂ ਕਿ ਉਸ ਦੇ ਪਿਆਰੇ ਤੇ ਕੋਈ ਉਜ ਨਾ ਦੇ ਸਕੇ,

ਇਹੋ ਧਰਤੀ ਹੀ ਸੀ ਜਿਥੇ ਜਦੋਂ ਪ੍ਰੋਹਤ ਹਰਦਿਆਲ ਗੁਰੂ ਨਾਨਕ ਨੂੰ ਜਨੇਊ ਪਾਉਣ ਆਇਆ ਤਾਂ ਉਨ੍ਹਾਂ ਨੇ ਪੰਡਤ ਨੂੰ ਅਜੇਹਾ ਜਨੇਊ ਪਾਉਣ ਲਈ ਕਿਹਾ ਜੋ ਨ ਟੁਟੇ, ਨ ਮੈਲਾ ਹੋਵੇ ਅਤੇ ਨ ਮਰਨ ਪਿਛੋਂ ਸੜ ਹੀ ਸਕੇ ਤੇ ਉਸ ਦੀ ਬਿਧ ਇਉਂ ਸਮਝਾਈ :

'ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ'

ਫਿਰ ਏਥੇ ਹੀ ਓਹ ਵਿਸ਼ਾਲ ਵਣ ਦਾ ਬ੍ਰਿਛ ਤੰਬੂ ਸਮਾਨ ਧਰਤੀ ਉਤੇ ਵਿਛਿਆ ਹੋਇਆ ਹੈ ਜਿਥੇ ਪਿਤਾ ਕਾਲੂ ਜੀ ਵਲੋਂ ਸਚਾ ਸੌਦਾ ਕਰਨ ਲਈ ਮਿਲੇ ਵੀਹ ਰੁਪੈ ਭੁਖੇ ਸਾਧੂਆਂ ਨੂੰ ਖੁਵਾ ਕੇ ਗੁਰੂ ਨਾਨਕ ਆ ਬੈਠੇ ਸਨ ਜਿਸ ਥਾਉਂ ਕ੍ਰੋਧਵਾਨ ਬਾਬੇ ਕਾਲੂ ਨੇ ਨਾਨਕ ਗੁਰੂ ਦੀਆਂ ਕੋਮਲ ਗੱਲਾ ਤੇ ਚਪੇੜਾਂ ਮਾਰੀਆਂ ਜਿਥੋਂ ਭੈਣ ਨਾਨਕੀ ਵੀਰ ਨੂੰ ਪਿਤਾ ਪਾਸੋਂ ਛੁੜਾ ਕੇ ਘਰ ਲੈ ਗਈ।

ਇਸ ਥਾਉਂ ਨੂੰ ਕਹਿੰਦੇ ਹਨ 'ਨਨਕਾਣਾ ਸਾਹਿਬ' ਜਾਂ ਨਾਨਕ ਗੁਰੂ ਦਾ ਆਇਨ (ਘਰ)। (ਇਹ ਲਾਹੌਰ ਤੋਂ ਸੜਕ ਰਸਤੇ ੮੦ ਕਿਲੋ ਮੀਟਰ ਪਛਮ ਨੂੰ ਹੈ ਅਤੇ ਲਾਹੌਰ ਸ਼ੇਰਕੋਟ ਰੇਲਵੇ ਲਾਈਨ ਦਾ ਰੇਲਵੇ ਸਟੇਸ਼ਨ) ਏਥੇ ਹੀ ਬਾਬੇ ਕਾਲੂ ਦਾ ਓਹ ਕੋਠਾ ਸੀ ਜਿਸ ਅੰਦਰ ਜਗਤ ਮਾਤ ਤ੍ਰਿਪਤਾ ਜੀ ਦੀ ਪਾਵਨ ਕੁਖ ਤੋਂ ਵੈਸਾਖ ਸੁਦੀ ਤੀਜ ਸੰਮਤ ੧੫੨੬ ਬਿਕ੍ਰਮੀ ਮੁਤਾਬਕ ਸੰਨ ਈਸਵੀ ੧੪੬੯ ਨੂੰ ਗੁਰੂ ਨਾਨਕ ਜੀ ਸੰਸਾਰ ਅੰਦਰ ਪ੍ਰਗਟ ਹੋਏ। ਤਦੋਂ ਏਥੇ ਛੋਟੀ ਜਹੀ ਵਸੋਂ ਸੀ ਜਿਸ ਨੂੰ ਰਾਇ ਭੋਇ ਦੀ ਤਲਵੰਡੀ ਕਹਿੰਦੇ ਸਨ ਕਿਉਂਕਿ ਇਕ ਰਾਜਪੂਤ ਭਟੀ ਰਾਇ ਭੋਇ ਨੇ ਇਸ ਨੂੰ ਵਸਾਇਆ ਸੀ। ਇਸ ਵੇਲੇ ਰਾਇ ਭੋਇ ਦੀ ਪੀੜ੍ਹੀ

ਵਿਚੋਂ ਰਾਇ ਬੁਲਾਰ ਭਟੀ ਰਾਜਪੂਤ ਇਸ ਥਾਉਂ ਦਾ ਮਾਲਕ ਸੀ ਅਤੇ ਬਾਬਾ ਕਾਲੂ ਜਾਂ ਕਲਿਆਨ ਦਾਸ ਰਾਇ ਬੁਲਾਰ ਦਾ ਇਕ ਕਾਰਿੰਦਾ ਸੀ ਜਿਸ ਦੀ ਨੇਕੀ ਤੇ ਸਚਾਈ ਸਦਕਾ ਉਸ ਦਾ ਚੰਗਾ ਸਤਿਕਾਰ ਬਣਿਆ ਹੋਇਆ ਸੀ। ਬਾਬਾ ਕਾਲੂ ਦੀ ਇਕ ਵਡੀ ਲੜਕੀ ਵੀ ਸੀ ਜਿਸ ਦਾ ਜਨਮ ਉਸ ਦੇ ਨਾਨਕੇ ਪਿੰਡ ਡੇਰਾ ਚਾਹਲ ਜ਼ਿਲਾ ਲਾਹੌਰ ਵਿਚ ਹੋਇ ਹੋਣ ਕਰਕੇ ਉਸਦਾ ਨਾਉਂ ਨਾਨਕੀ ਪੈ ਗਿਆ ਸੀ ਅਤੇ ਉਸ ਦੇ ਪਿਛੋਂ ਹੀ ਉਸ ਦੇ ਛੋਟੇ ਵੀਰ ਦਾ ਨਾਉਂ ਨਾਨਕ ਧਰਿਆ ਗਿਆ ਸੀ।

ਰਾਇ ਭੋਇ ਦੀ ਤਲਵੰਡੀ ਦੇ ਲਾਗੇ ਇਕ ਬਹੁਤ ਵਡਾ ਪੁਰਾਣਾ ਥੇਹ ਸੀ ਜੋ ਅਜ ਵੀ ਉਥੇ ਹੈ ਅਤੇ ਜਿਸ ਨੂੰ ਧੌਲਰ ਕਿਹਾ ਜਾਂਦਾ ਹੈ। ਉਸ ਦੇ ਨਾਲ ਲਗਦਾ ਹੀ ਇਕ ਵਡਾ ਖੂਹ 'ਸੀਤਾ ਵਾਲਾ' ਕਰਕੇ ਮਸ਼ਹੂਰ ਹੈ। ਇਹ ਖੂਹ ਅਸਲ ਵਿਚ ਇਕ ਬਾਉਲੀ ਸੀ ਜਿਸ ਵਿਚ ਥੇਹ ਵਲੋਂ ਪੌੜੀਆਂ ਉਤਰਦੀਆਂ ਸਨ ਜੋ ਪਾਣੀ ਦੀ ਸਤਹ ਤਕ ਜਾਂਦੀਆਂ ਸਨ-ਇਨ੍ਹਾਂ ਪੌੜੀਆਂ ਰਾਹੀਂ ਥੇਹ, ਜੋ ਪੁਰਾਣੇ ਜ਼ਮਾਨੇ ਦਾ ਇਕ ਸ਼ਾਹੀ ਮਹਿਲ ਸੀ (ਜਿਸ ਕਰ ਕੇ ਹੀ ਇਸ ਦਾ ਨਾਮ ਧੌਲਰ ਪਿਆ ਹੋਇਆ ਹੈ), ਰਾਜ ਰਾਣੀਆਂ ਇਸ਼ਨਾਨ ਕਰਨ ਹਿਤ ਅੰਦਰੋਂ ਅੰਦਰ ਖੂਹ ਤਕ ਪੁਜਿਆ ਕਰਦੀਆਂ ਸਨ-ਇਸ ਸਦੀ ਦੇ ਅਰੰਭ ਕਾਲ ਵਿਚ ਇਹ ਪੌੜੀਆਂ ਪਰਤਖ ਵੇਖੀਆਂ ਜਾਂਦੀਆਂ ਸਨ ਕਿਉਂਕਿ ਉਸ ਸਮੇਂ ਖੂਹਾਂ ਦੇ ਪਾਣੀ ਧਰਤੀ ਦੀ ਸਤਹ ਤੋਂ ੧੧੦ ਫੁਟ ਤੋਂ ਵੀ ਡੂੰਘੇਰੇ ਸਨ ਜੋ ਹੁਣ ਕੇਵਲ ਦਸ ਕੁ ਫੁਟ ਰਹਿ ਗਏ ਹਨ-ਪਾਣੀ ਚੜ੍ਹ ਆਉਣ ਕਾਰਨ ਪੌੜੀਆਂ ਛੁਪ ਗਈਆਂ ਹਨ, ਇਸ ਥੇਹ ਦੇ ਨਾਲ ਲਗਦਾ ਦੂਜੇ ਵੰਨੇ ਇਕ ਹੋਰ ਵਡਾ ਖੂਹ ਹੈ ਜਿਸ ਨੂੰ ਭਾਈ ਬਾਲੇ ਦਾ ਖੂਹ ਕਿਹਾ ਜਾਂਦਾ ਹੈ-ਮਲੂਮ ਹੁੰਦਾ ਹੈ ਇਹ ਖੂਹ ਗੁਰੂ ਨਾਨਕ ਕਾਲ ਵਿਚ ਉਸ ਭਾਈ ਬਾਲੇ ਦੀ ਮਾਲਕੀ ਸੀ ਜਿਸ ਦਾ ਨਾਉਂ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਅੰਦਰ ਲਿਖਿਆ ਮਿਲਦਾ ਹੈ ਨਨਕਾਣਾ ਸਾਹਿਬ ਦੀ ਜੂਹ ਵਿਚ ਕਈ ਹੋਰ ਪੁਰਾਣੇ ਖੂਹ ਵੀ ਮਿਲਦੇ ਹਨ ਯਥਾ ਬੁੱਤ ਵਾਲਾ ਤੇ ਖਿਪਵਾਲਾ ਖੂਹ ਜਿਨ੍ਹਾਂ ਖੂਹਾਂ ਤੋਂ ਹੁਣ ਤਕ ਪੈਲੀਆਂ ਸਿੰਜੀਆਂ ਜਾਂਦੀਆਂ ਰਹੀਆਂ ਹਨ।

ਧੌਲਰ ਨਾਮ ਦੇ ਥੇਹ ਅਤੇ ਇਨ੍ਹਾਂ ਖੂਹਾਂ ਦੀ ਹੋਂਦ ਤੋਂ ਅਨੁਮਾਨ ਕੀਤਾ ਜਾਂਦਾ ਹੈ ਕਿ ਇਹ ਇਲਾਕਾ ਬਹੁਤ ਪੁਰਾਣੇ ਸਮਿਆਂ ਅੰਦਰ ਭੀ ਚੰਗਾ ਵਸਦਾ ਰਸਦਾ

ਥਾਂ ਸੀ ਅਤੇ ਇਹ ਇਸ ਤੋਂ ਪਹਿਲੋਂ ਕਈ ਵਾਰ ਵਸਿਆ ਤੇ ਕਈ ਵਾਰ ਉਜੜਿਆ

'ਬਸਤੇ ਹੋਇ ਹੋਇ ਸੋ ਊਜਰੁ ਊਜਰੁ ਹੋਇ ਸੁ ਬਸੈ' ਇਸ ਥਾਉਂ ਪਰ ਭੀ ਠੀਕ ਹੀ ਘਟਦਾ ਹੈ।

ਰਾਇ ਭੋਇ ਦੀ ਤਲਵੰਡੀ ਅੰਦਰ ਗੁਰੂ ਨਾਨਕ ਦੇਵ ਜੀ ਨੇ ਅਪਣੀ ਸਾਰੀ ਬਾਲ ਉਮਰ ਗੁਜ਼ਾਰੀ, ਹਮਜੋਲੀਆਂ ਨਾਲ ਖੇਡੇ ਮੱਲ੍ਹੇ, ਪਾਧੇ ਪਾਸ ਪਟੀ ਪੜ੍ਹਣ ਭੀ ਬੈਠੇ, ਪਿਤਾ ਕਾਲੂ ਜੀ ਦੀਆਂ ਗਊਆਂ ਮਹੀਆਂ ਦੇ ਛੇੜੂ ਭੀ ਬਣੇ, ਅਤੇ ਫਿਰ ਪਿਤਾ ਨੇ ਵੀਹ ਰੁਪੈ ਦੇ ਕੇ ਕੋਈ ਘਣੇ ਲਾਭ ਵਾਲਾ ਖਰਾ ਜੇਹਾ ਸੌਦਾ ਵਟਾ ਕਰਨ ਲਈ ਭੀ ਇਸੇ ਥਾਉਂ ਤੋਂ ਹੀ ਉਨ੍ਹਾਂ ਨੂੰ ਭੇਜਿਆ।

ਇਸ ਸਮੇਂ ਤਲਵੰਡੀ ਅੰਦਰ ਵਰਤ ਚੁਕੇ ਕੌਤਕਾਂ ਦੀ ਯਾਦ ਵਿਚ ਇਸ ਥਾਉਂ ਕਈ ਅਸਥਾਨ ਬਣੇ ਹੋਇ ਹਨ ਜਿਨਾਂ ਦੀਆਂ ਵਾਰਤਾ ਅਤੇ ਜਿਨ੍ਹਾਂ ਦੇ ਦਰਸ਼ਨਾਂ ਤੋਂ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਪਰਤਖ ਹੁੰਦੀ ਹੈ। ਇਨ੍ਹਾਂ ਵਿਚੋਂ ਮੁਖ ਅਸਥਾਨ ਤਾਂ ਪਿਤਾ ਕਾਲੂ ਦੇ ਕੋਠੇ ਵਾਲਾ ਥਾਂ ਹੈ ਜਿਸ ਕੋਠੇ ਅੰਦਰ ਆਪ ਦਾ ਜਨਮ ਹੋਇਆ-ਇਸੇ ਲਈ ਉਸ ਨੂੰ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਕਿਹਾ ਜਾਂਦਾ ਹੈ। ਇਸ ਅਸਥਾਨ ਦੁਆਲੇ ਇਕ ਵਡਾ ਖੁਲ੍ਹਾ ਵੇਹੜਾ ਹੈ ਜਿਸ ਦੀ ਚੜ੍ਹਦੀ ਬਾਹੀ ਸੁੰਦਰ ਦਰਸ਼ਨੀ ਡਿਉਢੀ ਅਤੇ ਦੋਹਾਂ ਕੋਨਿਆਂ ਤੇ ਦੋ ਪੰਜ ਮੰਜ਼ਲੇ ਉਚੇ ਗੁੰਬਦ ਬਣੇ ਹੋਏ ਹਨ-ਡਿਉਢੀ ਦੇ ਦੋਹੀਂ ਲਾਮੀਂ ਕਮਰੇ ਬਣੇ ਹੋਏ ਹਨ। ਇਸੇ ਤਰਾਂ ਦਖਣ ਅਤੇ ਉਤਰ ਦੀ ਬਾਹੀ ਭੀ ਕਮਰੇ ਅਤੇ ਇਕ ੨ ਬਾਹਰ ਜਾਣ ਦਾ ਵਡਾ ਦਰਵਾਜ਼ਾ ਹੈ। ਪਛਮੀ ਦੀਵਾਰ ਵਿਚ ਭੀ ਇਕ ਦਰਵਾਜ਼ਾ ਹੈ।

ਬਾਬਾ ਕਾਲੂ ਦੇ ਕੋਠੇ ਦੀ ਥਾਂ ਤੇ ਇਕ ਸੋਹਣਾ ਬਾੜੀਆਂ ਵਾਲਾ ਗੁੰਬਦ ਦਾਰ ਕਮਰਾ ਹੈ ਜਿਸ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ-ਇਸ ਦੇ ਚਾਰੇਂ ਪਾਸੇ ਦਰਵਾਜ਼ੇ ਹਨ ਅਤੇ ਸਾਮ੍ਹਣੇ ਦਰਵਾਜ਼ੇ ਦੇ ਅਗੇ ਖੁਲ੍ਹਾ ਚੌਰਸ ਦਰਾਂਡਾ ਹੈ ਜਿਸ ਨੂੰ ਬਾਰਾਂ ਦਰੀ ਕਿਹਾ ਜਾਂਦਾ ਹੈ ਇਥੇ ਕੀਰਤਨੀ ਜਥੇ ਹਰੀ ਜਸ ਗਾਉਂਦੇ ਅਤੇ ਸੰਗਤ ਸਜਦੀ ਹੈ। ਇਸ ਅਸਥਾਨ ਦਾ ਪ੍ਰਬੰਧ ਪਹਿਲੋਂ ਉਦਾਸੀ ਸੰਪ੍ਰਦਾ ਦੇ ਸਾਧੂਆਂ ਦੇ ਹਥ ਵਿਚ ਸੀ।

ਸੰਨ ੧੯੨੧ ਦੀ ੨੦ ਫਰਵਰੀ ਮੁਤਾਬਕ ੧੦ ਫੱਗਣ ਨੂੰ ਸਵੇਰ ਸਾਰ ਲਗਪਗ ੧੩੦ ਸਿੰਘਾਂ ਦਾ ਜਥਾ ਭਾਈ ਲਛਮਣ ਸਿੰਘ ਧਾਰੋਵਾਲ ਦੀ ਜਥੇਦਾਰੀ ਹੇਠ ਜਨਮ ਅਸਥਾਨ ਆਏ ਅਤੇ ਮਥਾ ਟੇਕ ਕੇ ਥਾਉਂ ਥਾਈਂ ਬੈਠੇ ਸ਼ਬਦ ਗਾਉਂਦੇ ਸਨ ਕਿ ਉਸ ਸਮੇਂ ਦੇ ਮਹੰਤ ਨਰੈਣ ਦਾਸ ਦੇ ਆਦਮੀਆਂ ਨੇ ਸਿੰਘਾਂ ਪਰ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿਤੀਆਂ ਅਤੇ ਫਿਰ ਛਵ੍ਹੀਆਂ ਤੇ ਗੰਡਾਸਿਆਂ ਨਾਲ ਸਾਰੇ ਸਿੰਘਾਂ ਨੂੰ ਘਾਇਲ ਜਾਂ ਸ਼ਹੀਦ ਕਰ ਦਿਤਾ। ਉਪ੍ਰੰਤ ਸਾਰੇ ਸ਼ਹੀਦ ਤੇ ਜ਼ਖਮੀ ਸਿੰਘਾਂ ਦੇ ਸਰੀਰਾਂ ਨੂੰ ਤਿੰਨ ਢੇਰਾਂ ਵਿਚ ਇਕਠਾ ਕੀਤਾ ਅਤੇ ਮਿਟੀ ਦਾ ਤੇਲ ਪਾ ਕੇ ਫੂਕ ਦਿਤਾ। ਭਾਈ ਦਲੀਪ ਸਿੰਘ, ਵਰਿਆਮ ਸਿੰਘ ਤੇ ਕੁਝ ਹੋਰ ਸਿੰਘਾਂ ਨੂੰ ਬਾਹਰ ਘੁਮਾਰਾਂ ਦੀ ਬਲਦੀ ਆਵੀ ਵਿਚ ਝੋਕ ਕੇ ਫੂਕ ਦਿਤਾ। (ਇਸ ਵਾਕਿਆ ਦੇ ਵਿਸਥਾਰ ਲਈ ਪੜ੍ਹੋ ਗੁਰੂ ਨਾਨਕ ਮਿਸ਼ਨ ਦਾ ਟ੍ਰੈਕਟ ਨੰ: ੨੪ 'ਸਾਕਾ ਸ੍ਰੀ ਨਨਕਾਣਾ ਸਾਹਿਬ')

ਉਪ੍ਰੰਤ ਇਸ ਗੁਰਦੁਆਰੇ ਤੇ ਭਾਈ ਕਰਤਾਰ ਸਿੰਘ ਝੱਬਰ ਦੇ ਜਥੇ ਰਾਹੀਂ ਸਿੰਘਾਂ ਦਾ ਕਬਜ਼ਾ ਹੋ ਗਿਆ। ਸੰਨ ੧੯੩੫ ਵਿਚ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਸ਼ਹੀਦ ਹੋਏ ਸਿੰਘਾਂ ਦੀਆਂ ਅਸਥੀਆਂ ਤੇ ਬਿਭੂਤੀ ਨੂੰ ਇਕ ਭੋਰੇ ਅੰਦਰ ਸੁਰਖਿਅਤ ਕਰ ਕੇ ਉਸ ਉਪਰ ਸੰਗ ਮਰਮਰ ਦਾ ਇਕ ਥੜਾ ਅਤੇ ਪਾਲਕੀ ਬਣਾ ਦਿਤੀ ਜੋ ਸ਼ਹੀਦ ਗੰਜ ਦੇ ਨਾਮ ਤੇ ਗੁਰਦੁਆਰੇ ਦੇ ਇਹਾਤੇ ਦੇ ਅੰਦਰ ਹੀ ਸੋਭਨੀਕ ਹੈ।

ਇਸ ਗੁਰਦੁਆਰੇ ਦੇ ਨਾਲ ਲਗਦੀ ਹੀ ਬਾਹਰ ਇਕ ਵਡੀ ਸਰਾਏ ਹੈ ਜਿਸ ਵਿਚ ਗੁਰੂ ਕੇ ਦਰਸ਼ਨਾਂ ਨੂੰ ਆਏ ਯਾਤਰੂ ਠਹਿਰਿਆ ਕਰਦੇ ਸਨ, ਇਸ ਦੇ ਇਕ ਕੋਨੇ ਤੇ ਗੁਰੂ ਨਾਨਕ ਹਸਪਤਾਲ ਅਤੇ ਪਿਛਲੇ ਵਨੇ ਵਿਸ਼ਾਲ ਗੁਰੂ ਨਾਨਕ ਲੰਗਰ ਸੀ-ਦਰਸ਼ਨੀ ਡਿਉਢੀ ਦੇ ਸਾਮ੍ਹਣੇ ਇਕ ਸਰੋਵਰ ਭੀ ਹੈ

ਜਨਮ ਅਸਥਾਨ ਤੋਂ ਚੜ੍ਹਦੇ ਵੱਲ ਥੋੜਾ ਦਖਣ ਰੁਖ ਸੌ ਕੁ ਗਜ਼ ਦੂਰ ਗੁ: ਪਟੀ ਸਾਹਿਬ ਹੈ ਜਿਥੇ ਪੰਡਤ ਗੋਪਾਲ ਪਾਸ ਗੁਰੂ ਨਾਨਕ ਦੇਵ ਪੜ੍ਹਨ ਬੈਠੇ। ਇਸੇ ਥਾਉਂ ਸਤ ਸਾਲ ਦੀ ਅਵਸਥਾ ਵਿਚ ਆਪ ਨੇ ਪੰਡਤ ਪ੍ਰਤੀ ਓਹ ਬਾਣੀ ਉਚਾਰੀ ਤੇ ਸੁਣਾਈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਸਾ ਰਾਗ ਅੰਦਰ 'ਪਟੀ ਲਿਖੀ' ਸਿਰਲੇਖ ਹੇਠ ਦਰਜ ਹੈ।

ਪਟੀ ਸਾਹਿਬ ਤੋਂ ਹੋਰ ਚੜ੍ਹਦੇ ਵੱਲ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਦਾ ਸੁੰਦਰ ਮੰਦਰ ਹੈ, ਇਸ ਥਾਉਂ ਗੁਰੂ ਨਾਨਕ ਦੇਵ ਅਪਣੀ ਬਾਲ ਉਮਰ ਵਿਚ ਹਮਜੋਲੀਆ ਨਾਲ ਭਾਂਤ ੨ ਦੀਆਂ ਖੇਡਾਂ ਖੇਡਦੇ ਅਤੇ ਉਨ੍ਹਾ ਨੂੰ ਸਤਿਨਾਮ ਸਤਿਨਾਮ ਦਾ ਜਾਪ ਜਪਾਇਆ ਕਰਦੇ ਸਨ, ਗੁ ਬਾਲ ਲੀਲ੍ਹਾ ਦੇ ਪਿਛਲੇ ਪਾਸੇ ਇਕ ਵਡਾ ਸ੍ਰੋਵਰ ਹੈ ਗੁਰਦੁਆਰੇ ਤੋਂ ਸ੍ਰੋਵਰ ਵਿਚ ਨੂੰ ਪੌੜੀਆਂ ਉਤਰਦੀਆ ਹਨ ।

ਗੁਰਦੁਆਰਾ ਜਨਮ ਅਸਥਾਨ ਤੋਂ ਸਿਧਾ ਚੜ੍ਹਦੇ ਰੁਖ ਨੂੰ ਇਕ ਪਕੀ ਸੜਕ ਬਣੀ ਹੋਈ ਹੈ ਜਿਸ ਦੇ ਨਾਲ ਲਗਦੇ ਚਾਰ ਗੁਰਦੁਆਰੇ : ਤੰਬੂ ਸਾਹਿਬ, ਗੁ. ਛਵੀਂ ਪਾਤਸ਼ਾਹੀ ਮਾਲ ਸਾਹਿਬ ਅਤੇ ਕਿਆਰਾ ਸਾਹਿਬ ਹਨ-ਇਸ ਸੜਕ ਦੀ ਲੰਬਾਈ ਦੋ ਕਿਲੋ ਮੀਟਰ ਦੇ ਕਰੀਬ ਹੈ ਜਿਸ ਦੇ ਇਕ ਸਿਰੇ ਗੁ: ਜਨਮ ਅਸਥਾਨ ਅਤੇ ਦੂਜੇ ਸਿਰੇ ਗੁ: ਕਿਆਰਾ ਸਾਹਿਬ ਹੈ-ਰੇਲਵੇ ਸਟੇਸ਼ਨ ਭੀ ਇਸ ਸੜਕ ਪਰ ਹੈ ।

ਗੁ: ਕਿਆਰਾ ਸਾਹਿਬ ਉਸ ਕਿਆਰੇ ਜਾਂ ਖੇਤ ਦੀ ਯਾਦ ਦ੍ਰਿੜਾਉਂਦਾ ਹੈ ਜਿਸ ਵਿਚ ਖੜੇ ਲਹਿਲਹਾਉਂਦੇ ਫਸਲ ਨੂੰ ਮਹੀਆਂ ਦੇ ਛੇੜੂ ਗੁਰੂ ਨਾਨਕ ਦੀਆਂ ਗਊਆਂ ਤੇ ਮਹੀਆਂ ਨੇ ਉਜਾੜ ਦਿਤਾ ਸੀ ਜਦੋਂ ਕਿ ਗੁਰੂ ਜੀ ਕਿਸੇ ਲਾਗੇ ਦੇ ਰੁਖ ਦੀ ਛਾਵੇਂ ਆਪਣੇ ਪ੍ਰਭੂ ਪ੍ਰੀਤਮ ਨਾਲ ਇਕ ਸੁਰ ਹੋਇ ਬੈਠੇ ਸਨ, ਪਰ ਜਦੋਂ ਸ਼ਿਕਾਇਤ ਹੋਣ ਪਰ ਤਲਵੰਡੀ ਦੇ ਹਾਕਮ ਰਾਇ ਬੁਲਾਰ ਨੇ ਆਪਣੇ ਕਾਰਿੰਦੇ ਨੁਕਸਾਨ ਦੀ ਪੜਤਾਲ ਲਈ ਭੇਜੇ ਤਾਂ ਉਨ੍ਹਾ ਦੀ ਰਪੋਟ ਅਨੁਸਾਰ ਉਨਾਂ ਨੂੰ ਫਸਲ ਜਿਉਂ ਦਾ ਤਿਉਂ ਲਹਿਲਹਾਉਂਦਾ ਦਿਸਿਆ ।

ਗੁ ਕਿਆਰਾ ਸਾਹਿਬ ਦੇ ਪਛੰਮ ਵਿਚ ਚਾਰ ਸੌ ਗਜ਼ ਤੇ ਗੁਰਦੁਆਰਾ ਮਾਲ ਸਾਹਿਬ ਹੈ ਜੋ ਇਕ ਖੁਲ੍ਹੇ ਇਹਾਤੇ ਦੇ ਵਿਚਕਾਰ ਬਣਿਆ ਹੋਇਆ ਹੈ । ਇਹਾਤੇ ਦੀ ਪਛਮ ਵਾਲੀ ਬਾਹੀ ਵਿਚ ਦਰਸ਼ਨੀ ਡਿਉਢੀ ਬਣੀ ਹੈ ਅਤੇ ਉਤਰ ਦੀ ਬਾਹੀ ਯਾਤਰੂਆਂ ਦੀ ਰਿਹਾਇਸ਼ ਲਈ ਕੁਝ ਕਮਰੇ ਹਨ । ਇਹ ਗੁਰਦੁਆਰਾ ਰੇਲਵੇ ਸਟੇਸ਼ਨਦੇ ਸਾਮ੍ਹਣੇ ੧੫੦ ਗਜ਼ ਦੀ ਵਿਥ ਤੇ ਹੈ । ਗੁਰਦੁਆਰੇ ਦੇ ਨਾਲ ਲਗਦਾ ਇਕ ਵਡੇ ਖਿਲਾਰ ਵਾਲਾ ਵਣ (ਮਾਲ) ਦਾ ਬਿਰਛ ਹੈ ਜਿਸ ਦੀ ਛਾਵੇਂ ਮਹੀਆ ਚਾਰਨ ਆਏ ਗੁਰੂ ਨਾਨਕ ਦੇਵ ਸੌਂ ਗਏ । ਦੁਪਹਿਰ ਢਲਦੀ ਨਾਲ ਬਿਰਛ ਦੀ ਛਾਂ ਭੀ ਢਲ ਗਈ ਅਤੇ ਸੁੱਤੇ ਹੋਏ ਗੁਰੂ ਨਾਨਕ ਦੇ ਚੇਹਰੇ ਤੇ ਸੂਰਜ ਦੀਆ ਕਿਰਣਾਂ ਪੈਣ ਲਗੀਆਂ ਤਾਂ ਇਕ ਕਾਲੇ ਫਨੀਅਰ ਨਾਗ ਨੇ ਗੁਰੂ ਨਾਨਕ ਦੇ ਚੇਹਰੇ

ਨੂੰ ਆਪਣਾ ਫਨ ਖਿਲਾਰ ਕੇ ਛਾਉਂ ਕੀਤੀ। ਕੁਝ ਘੜੀਆਂ ਇਉਂ ਬੀਤ ਗਈਆਂ ਤਾਂ ਤਲਵੰਡੀ ਦਾ ਹਾਕਮ ਰਾਇ ਬੁਲਾਰ ਘੋੜੇ ਤੇ ਸਵਾਰ ਉਧਰੋਂ ਗੁਜ਼ਰਿਆ-ਇਹ ਕੌਤਕ ਵੇਖ ਹੈਰਾਨ ਰਹਿ ਗਿਆ-ਨਾਗ ਤਾਂ ਰਾਏ ਨੂੰ ਨੇੜੇ ਆਉਂਦਾ ਵੇਖ ਛਪਣ ਹੋ ਗਿਆ ਪ੍ਰੰਤੂ ਰਾਇ ਬੁਲਾਰ ਦੀ ਆਮਦ ਨੇ ਗੁਰੂ ਨਾਨਕ ਨੂੰ ਜਗਾ ਦਿਤਾ। ਉਸ ਦਿਨ ਤੋਂ ਰਾਇ ਬੁਲਾਰ ਨਾਨਕ ਗੁਰੂ ਜੀ ਦਾ ਸ਼ਰਧਾਲੂ ਹੋਇਆ ਅਤੇ ਇਤਿਹਾਸ ਅਨੁਸਾਰ ਉਹ ਗੁਰੂ ਨਾਨਕ ਦਾ ਪਹਿਲਾ ਸਿਖ ਹੋਇਆ।

ਗੁਰਦੁਆਰਾ ਤੰਬੂ ਸਾਹਿਬ ਭੀ ਮਾਲ ਸਾਹਿਬ ਵਾਂਙ ਆਪਣੇ ਪਾਸ ਇਕ ਵਿਸ਼ਾਲ ਵਣ ਦਾ ਬਿਰਛ ਸੰਭਾਲੇ ਹੋਇ ਹੈ-ਇਹ ਅਸਥਾਨ ਸੜਕ ਦੇ ਲਾਗੇ ਹੀ ਗੁ: ਜਨਮ ਅਸਥਾਨ ਤੋਂ ਚਾਰ ਕੁ ਸੌ ਗਜ਼ ਤੇ ਹੈ। ਜਦੋਂ ਪਿਤਾ ਕਾਲੂ ਜੀ ਨੇ ਇਹ ਵਿਚਾਰ ਦੇ ਕਿ 'ਹੁਣ ਨਾਨਕ ਸਿਆਣਾ ਹੋ ਗਿਆ ਹੈ ਉਸ ਨੂੰ ਕਿਸੇ ਸੌਦਾ ਵੱਟਾ ਕਰਨ ਤੇ ਲਗਾਇਆ ਜਾਵੇ,' ਵੀਹ ਰੁਪਏ ਦੇ ਕੇ ਗੁਰੂ ਜੀ ਨੂੰ ਕੋਈ ਘਣੇ ਲਾਭ ਵਾਲਾ ਖਰਾ ਜੇਹਾ ਸੌਦਾ' ਕਰਨ ਲਈ ਭੇਜਿਆ ਤਾਂ ਉਹ ਤਲਵੰਡੀ ਤੋਂ ਬਾਰਾਂ ਕੁ ਕੋਹਾਂ ਦੀ ਵਾਟ ਤੇ ਵਸਦੇ ਚੂਹੜਕਾਣੇ ਨਾਮ ਦੇ ਕਸਬੇ ਵੱਲ ਗਏ। ਚੂਹੜ ਕਾਣੇ ਦੇ ਨੇੜ ਕੁਝ ਬਿਹੰਗਮ ਸਾਧੂ ਭੁਖੇ ਬੈਠੇ ਵੇਖ ਆਪ ਨੇ ਵੀਹ ਰੁਪੱਇਆਂ ਦਾ ਆਟਾ ਦਾਣਾ ਤੇ ਹੋਰ ਸਾਮਗਰੀ ਖ੍ਰੀਦ ਲਿਆਂਦੀ ਅਤੇ ਲੰਗਰ ਤਿਆਰ ਕਰਕੇ ਭੁਖੇ ਸਾਧੂਆਂ ਨੂੰ ਖੁਆ ਦਿਤਾ ਕਿਉਂ ਕਿ ਉਨ੍ਹਾਂ ਦੇ ਖਿਆਲ ਵਿਚ ਇਸ ਤੋਂ ਚੰਗੇਰਾ 'ਘਣੇ ਲਾਭ ਵਾਲਾ ਖਰਾ ਸੌਦਾ' ਹੋਰ ਨਹੀਂ ਹੋ ਸਕਦਾ ਸੀ। ਸਾਧੂਆਂ ਨੂੰ ਲੰਗਰ ਛਕਾ ਆਪ ਖਾਲੀ ਹਥ ਵਾਪਸ ਮੁੜ ਆਏ ਅਤੇ ਗੁ: ਤੰਬੂ ਸਾਹਿਬ ਵਾਲੀ ਥਾਂ ਵਣ ਹੇਠ ਆ ਬੈਠੇ। ਪਿਤਾ ਕਾਲੂ ਨੂੰ ਪਤਾ ਲਗਾ ਤਾਂ ਉਸ ਨੂੰ ਬੜਾ ਗੁਸਾ ਆਇਆ ਕਿਉਂ ਕਿ ਪਿਤਾ ਪੁਤੱਰ ਦੀ ਸੋਚਨੀ ਵਿਚ ਵਡਾ ਫਰਕ ਸੀ। ਜਿਸ ਨੂੰ ਗੁਰੂ ਨਾਨਕ ਸਭ ਤੋਂ ਉਤਮ ਖਰਾ ਸੌਦਾ ਸਮਝਦੇ ਸਨ, ਪਿਤਾ ਕਾਲੂ ਉਸ ਨੂੰ ਰੁਪੈ ਬਰਬਾਦ ਕਰਨਾ ਜਾਣਦੇ ਸਨ, ਸੋ ਉਨ੍ਹਾਂ ਨੇ ਕ੍ਰੋਧ ਵਿਚ ਗੁਰੂ ਨਾਨਕ ਨੂੰ ਵਧ ਘਟ ਕਹਿਣ ਤੋਂ ਇਲਾਵਾ ਦੋ ਚਪੇੜਾਂ ਵੀ ਲਾਈਆਂ ਦਸੀਆਂ ਜਾਂਦੀਆਂ ਹਨ, ਪ੍ਰੰਤੂ ਭੈਣ ਨਾਨਕੀ ਜੋ ਆਪਣੇ ਪਿਤਾ ਦੇ ਪਿਛੇ ੨ ਹੀ ਉਥੇ ਪਹੁੰਚ ਗਈ ਹੋਈ ਸੀ ਨੇ ਵੀਰ ਨਾਨਕ ਨੂੰ ਜਫੀ ਵਿਚ ਲੈ ਲਿਆ ਅਤੇ ਘਰ ਲੈ ਗਈ।

ਮਾਲ ਸਾਹਿਬ ਅਤੇ ਤੰਬੂ ਸਾਹਿਬ ਵਾਲੇ ਦੋਵੇਂ ਵਣ ਦੇ ਬਿਰਛ ਪੰਜ ਸੌ ਸਾਲ ਤੋਂ ਗੁਰੂ ਨਾਨਕ ਦੀਆਂ ਇਹ ਮਿਠੀਆਂ ਯਾਦਾਂ ਸੰਭਾਲੀ ਬੈਠ ਹਨ, ਭਾਂ ਕਿ ਇਹ ਰੁਖ

ਗੁਰੂ ਨਾਨਕ ਦੀ ਮਹਾਨ ਵਡਿਆਈ ਜਿਸ ਨੇ ਰਾਇ ਬੁਲਾਰ ਜੇਹੇ ਭਟੀ ਮੁਸਲਮਾਨ ਨੂੰ ਗੁਰੂ ਨਾਨਕ ਦਾ ਸ਼ਰਧਾਲੂ ਬਣਾਇਆ ਅਤੇ ਭੈਣ ਨਾਨਕੀ ਨੂੰ ਆਪਣੇ ਵੀਰ ਦਾ ਸਿਖ ਕੀਤਾ, ਦੁਨੀਆ ਨੂੰ ਦਰਸਾਉਂਦੇ ਰਹਿਣ ।

ਗੁ: ਤੰਬੂ ਸਾਹਿਬ ਤੋਂ ੧੫੦ ਗਜ਼ ਪੂਰਬ ਵਿਚ ਉੱਤਰ ਦੇ ਰੁਖ ਨੂੰ ਓਹ ਅਸਥਾਨ ਹੈ ਜਿਥੇ ਗੁਰੂ ਹਰਿ ਗੋਬਿੰਦ ਸਾਹਿਬ ਕਸ਼ਮੀਰ ਤੋਂ ਮੁੜਦੇ ਹੋਏ ਹਾਫਜ਼ਾਬਾਦ ਅਤੇ ਬਚੇ ਕੇ ਤੋਂ ਹੁੰਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਯਾਦਗੀਰੀ ਅਸਥਾਨਾਂ ਦੇ ਦਰਸ਼ਨਾਂ ਲਈ ਇਥੇ ਪੁੱਜੇ ਅਤੇ ਆਪਣਾ ਡੇਰਾ ਉਸ ਥਾਉਂ ਕੀਤਾ ਜਿਥੇ ਇਹ 'ਗੁਰਦੁਆਰਾ ਛੇਵੀਂ ਪਾਤਸ਼ਾਹੀ' ਸਥਾਪਤ ਹੈ ।

੧੯੨੧ ਦੇ ਸਾਕੇ ਪਿਛੋਂ ਨਨਕਾਣਾ ਸਾਹਿਬ ਵਿਚਲੇ ਸਾਰੇ ਗੁਰਦੁਆਰੇ ਪੰਥਕ ਪ੍ਰਬੰਧ ਹੇਠ ਆ ਗਏ ਸਨ ਪ੍ਰੰਤੂ ਗੁਰਦੁਆਰਿਆਂ ਦੀਆਂ ਜਾਇਦਾਦਾਂ (ਮਕਾਨ ਤੇ ਜ਼ਮੀਨ) ਸਬੰਧੀ ਮਹੰਤ ਨਰੈਣ ਦਾਸ ਦੇ ਕਬਜ਼ੇ ਵਾਲੀਆਂ ਜ਼ਮੀਨਾਂ ਤੋਂ ਛੁਟ ਬਾਕੀ ਸਭ ਲਈ ਸੰਨ ੧੯੨੫ ਦੇ ਸਿਖ ਗੁਰਦੁਆਰਾ ਐਕਟ ਅਧੀਨ ਬਣੇ ਗੁਰਦੁਆਰਾ ਟ੍ਰਿਬਯੂਨਲ ਵਿਚ ਮੁਕਦਮੇ ਲੜਨੇ ਪਏ ਸਨ ਬਲਕਿ ਕਈ ਮੁਕਦਮੇ ਮਹੰਤਾਂ ਵਲੋਂ ਲਾਹੌਰ ਹਾਈ ਕੋਰਟ ਤਕ ਲਿਜਾਏ ਗਏ । ਕਈ ਸਾਲਾਂ ਦੀ ਮੁਕਦਮਾ ਬਾਜ਼ੀ ਪਿਛੋਂ ਲਗ ਪਗ ਸਾਰੀ ਖੇਤੀ ਹੇਠਲੀ ਜ਼ਮੀਨ ਮਹੰਤਾਂ ਨੂੰ ਗੁਰਦੁਆਰਾ ਕਮੇਟੀ ਦੇ ਹੱਕ ਵਿਚ ਛਡਣੀ ਪਈ, ਭਾਵੇਂ ਕਈ ਰਿਹਾਇਸ਼ੀ ਮਕਾਨ ਉਨ੍ਹਾਂ ਨੂੰ ਦਿਤੇ ਗਏ । ਸੰਨ ੧੯੩੬ ਦੇ ਅਖੀਰ ਤਕ ਜਾਇਦਾਦਾਂ ਸੰਬੰਧੀ ਸਾਰੇ ਮੁਕਦਮੇ ਖਤਮ ਹੋ ਕੇ ੧੭੬੭੫ ਏਕੜ ਜ਼ਮੀਨ ਦੀ ਮਾਲਕੀ ਗੁਰਦੁਆਰਿਆਂ ਦੀ ਕਰਾਰ ਦਿਤੀ ਗਈ ਸੀ ਜਿਸ ਵਿਚੋਂ ੧੭੪੮ ਏਕੜ ਨਨਕਾਣਾ ਸ਼ਹਿਰ ਅਤੇ ਗੁਰਦੁਆਰੇ ਦੇ ਵਾਹੀਵਾਹਾਂ ਦੇ ਮਕਾਨਾਂ ਹੇਠ ਅਤੇ ਸਰਕਾਰੀ ਇਮਾਰਤਾਂ ਸੜਕਾਂ ਨਹਿਰਾਂ ਤੇ ਰੇਲਵੇ ਲਾਈਨ ਹੇਠ ਆਈ ਹੋਈ ਸੀ ਅਤੇ ਬਾਕੀ ੧੫੯੨੭ ਏਕੜ ਖੇਤੀ ਕਰਨ ਜੋਗ ਰਕਬਾ ਸਿੱਧਾ ਗੁ: ਪ੍ਰਬੰਧਕ ਕਮੇਟੀ ਦੇ ਕਬਜ਼ੇ ਵਿਚ ਦਿਤਾ ਗਿਆ ਸੀ ਜੋ ਦਸ਼ਾ ੧੯੪੭ ਦੇਸ਼ ਵੰਡ ਦੇ ਸਮੇਂ ਤਕ ਰਹੀ ।

(ਇਸ ਦੇ ਵਿਸਥਾਰ ਲਈ ਭਾਸ਼ਾ ਵਿਭਾਗ ਪੰਜਾਬ ਵਲੋਂ ਪ੍ਰਕਾਸ਼ਤ ਪੁਸਤਕ 'ਨਨਕਾਣਾ ਸਾਹਿਬ ਪੜ੍ਹੋ)

ਸੰਨ ੧੯੪੭ ਦੀ ਦੇਸ਼ ਵੰਡ ਨਾਲ ਬਹੁਤ ਸਾਰੇ ਇਤਿਹਾਸਕ ਸਿਖ

ਗੁਰਦੁਆਰੇ, ਜਿਨ੍ਹਾਂ ਵਿਚੋਂ ਵਧੇਰੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਹਨ, ਪਾਕਸਤਾਨ ਅੰਦਰ ਰਹਿ ਗਏ ਹਨ। ਇਨ੍ਹਾਂ ਦਾ ਸੰਖੇਪ ਜ਼ਿਕਰ ਹੇਠਾਂ ਦਿਤਾ ਜਾਂਦਾ ਹੈ :

ਗੁਰਦੁਆਰਾ ਖਰਾ ਸੌਦਾ ਇਹ ਜ਼ਿਲਾ ਸ਼ੇਖੂਪੁਰਾ ਵਿਚ ਲਾਹੌਰ-ਲਾਇਲਪੁਰ ਰੇਲਵੇ ਲਾਈਨ ਅਤੇ ਸਟੇਸ਼ਨ ਅਤੇ ਕਸਬੇ ਚੂਹੜਕਾਨੇ ਦੇ ਲਾਗੇ ਹੈ। ਇਸ ਥਾਉਂ ਗੁਰੂ ਨਾਨਕ ਦੇਵ ਜੀ ਨੇ ਕਈ ਦਿਨਾਂ ਦੇ ਭੁਖੇ ਸਾਧੂਆਂ ਲਈ ਲੰਗਰ ਲਾਗਾ ਕੇ ਉਹ ਸਾਰੀ ਪੂੰਜੀ ਜੋ ਆਪ ਨੂੰ ਘਣੇ ਲਾਭ ਵਾਲਾ ਖਰਾ ਸੌਦਾ ਕਰਨ ਲਈ ਪਿਤਾ ਕਾਲੂ ਨੇ ਦਿਤੀ ਸੀ ਖਰਚ ਕਰ ਦਿਤੀ ਸੀ ਅਤੇ ਪਿਤਾ ਦੇ ਪੁਛਣ ਤੇ ਕਿਹਾ ਸੀ ਇਸ ਤੋਂ ਵਧੇਰੇ ਖਰਾ ਸੌਦਾ ਹੋਰ ਨਹੀਂ ਸੀ ਹੋ ਸਕਦਾ।

ਗੁਰਦੁਆਰਾ ਰੋੜੀ ਸਾਹਿਬ : ਇਹ ਜ਼ਿਲਾ ਗੁਜਰਾਂ ਵਾਲਾ ਵਿਚ ਲਾਹੌਰ-ਰਾਵਲ ਪਿੰਡੀ ਮੇਨ ਰੇਲਵੇ ਲਾਈਨ ਦੇ ਸਟੇਸ਼ਨ ਏਮਨਾ ਬਾਦ ਲਾਗੇ ਹੈ। ਇਸ ਥਾਉਂ ਗੁਰੂ ਨਾਨਕ ਦੇਵ ਭਾਈ ਲਾਲੋ ਤਰਖਾਣ ਦੇ ਘਰ ਰਹੇ ਸਨ ਅਤੇ ਇਸ ਥਾਂ ਦੇ ਹਾਕਮ ਮਲਕ ਭਾਗੋ ਦੇ ਬ੍ਰਹਮ ਭੋਜ ਵਿਚ ਸ਼ਾਮਲ ਹੋਣੋ ਇਨਕਾਰ ਕੀਤਾ ਸੀ। ਮਲਕ ਦੇ ਪੁਛਣ ਤੇ ਆਪ ਨੇ ਉਸ ਨੂੰ ਕਿਹਾ ਸੀ ਕਿ ਤੇਰੇ ਮਾਲ੍ਹ ਪੂੜਿਆਂ ਵਿਚੋਂ ਮਿਹਨਤ ਮਜ਼ਦੂਰੀ ਕਰਨ ਵਾਲੇ ਗ਼ਰੀਬ ਕਾਮਿਆਂ ਤੇ ਕਿਸਾਨਾਂ ਦਾ ਲਹੂ ਸਿੰਮਦਾ ਹੈ ਜਦੋਂ ਕਿ ਧਰਮ ਦੀ ਕਿਰਤ ਵਿਰਤ ਕਰਨ ਵਾਲੇ ਭਾਈ ਲਾਲੋ ਦੀ ਕਧਰ ਦੀ ਰੋਟੀ ਵਿਚੋਂ ਮੈਨੂੰ ਦੁਧ ਦਾ ਸੁਆਦ ਆਉਂਦਾ ਹੈ ਲੁਟ ਮਾਰ ਤੇ ਠਗੀ ਠੋਰੀ ਦੀ ਕਮਾਈ ਲਹੂ ਪਾਕ ਸਮਾਨ ਅਤੇ ਹਥੀਂ ਕੀਤੀ ਧਰਮ ਦੀ ਕਿਰਤ ਕਮਾਈ ਦੁਧ ਮਖਣ ਸਮਾਨ ਹੁੰਦੀ ਹੈ।

ਇਸੇ ਸ਼ਹਿਰ ਏਮਨਾਬਾਦ ਨੂੰ ਬਾਬਰ ਨੇ ਸੰਨ ੧੫੨੧ ਵਿਚ ਲੁਟਿਆ ਮਾਰਿਆ ਤੇ ਸਾੜਿਆ ਫੂਕਿਆ ਸੀ ਜਿਸ ਸੰਬੰਧੀ ਗੁਰੂ ਜੀ ਨੇ ਆਸਾ ਰਾਗ ਅੰਦਰ ਤਿੰਨ ਸ਼ਬਦ ਅਤੇ ਤਿਲੰਗ ਰਾਗ ਅੰਦਰ ਇਕ ਸ਼ਬਦ 'ਜੈਸੀ ਮੈਂ ਆਵੈ ਖਸਮ ਕੀ ਬਾਣੀ ਤੈਸੜਾ ਕਰੀਂ ਗਿਆਨੁ ਵੇ ਲਾਲੋ' ਭਾਈ ਲਾਲੋ ਪ੍ਰਤੀ ਅਗਾਊਂ ਸੁਣਾ ਕੇ ਉਸ ਨੂੰ ਅਗਮ ਦੀ ਸੂਚਨਾ ਦਿਤੀ ਸੀ ਅਤੇ ਬਾਬਰ ਦੇ ਹਮਲੇ ਸਮੇਂ ਜਦੋਂ ਬਹੁਤ ਸਾਰੇ ਲੋਕ ਫੜ ਲੈ ਗਏ ਅਤੇ ਆਟਾ ਪੀਸਣ ਤੇ ਲਾਏ ਗਏ ਤਾਂ ਉਨ੍ਹਾਂ ਵਿਚ ਹੀ ਗੁਰੂ ਜੀ ਤੇ ਭਾਈ ਮਰਦਾਨਾ ਸਨ ਅਤੇ ਜਦੋਂ ਬਾਬਰ ਨੇ ਆਪਣੀ ਭੁੱਲ ਮੰਨਦੇ

ਹੋਏ ਗੁਰੂ ਜੀ ਨੂੰ ਕਿਹਾ 'ਕੁਝ ਮੰਗੋ, ਮੈਂ ਤੁਹਾਡੀ ਸੇਵਾ ਕਰਾਂ' ਤਾਂ ਗੁਰੂ ਜੀ ਨੇ ਬਾਬਰ ਨੂੰ ਕਿਹਾ ਸੀ 'ਤੁਝ ਤੇ ਮਾਂਗੇ ਸੋ ਅਹਿਮਕ ਫਕੀਰ'

ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ : ਇਹ ਸਿਆਲਕੋਟ ਸ਼ਹਿਰ ਦੇ ਬਾਹਰ ਉਸ ਥਾਉਂ ਹੈ ਜਿਥੇ ਗੁਰੂ ਨਾਨਕ ਦੇਵ ਜੀ ਨੇ ਪੀਰ ਹਮਜ਼ਾ ਗੌਂਸ ਦਾ ਹੰਕਾਰ ਤੋੜਿਆ ਅਤੇ ਉਸ ਨੂੰ ਸਚ ਝੂਠ ਪਛਾਣਨ ਦੀ ਸੂਝ ਬਖਸ਼ੀ ਸੀ। ਇਹ ਪੀਰ ਸਿਆਲਕੋਟ ਸ਼ਹਿਰ ਨੂੰ ਗ਼ਰਕ ਕਰਨ ਲਈ ਚਲੀਹਾ ਧਾਰ ਗੁੰਬਦ ਦੇ ਅੰਦਰ ਵੜ ਬੈਠਾ ਸੀ ਅਤੇ ਇਸ ਨੂੰ ਯਕੀਨ ਸੀ ਕਿ ਚਾਲੀ ਦਿਨ ਦੇ ਤਪ ਨਾਲ ਉਹ ਐਸੀ ਸ਼ਕਤੀ ਪ੍ਰਾਪਤ ਕਰ ਲਵੇਗਾ। ਉਸ ਨੇ ਗੁਰੂ ਜੀ ਨੂੰ ਮਿਲਣ ਤੋਂ ਇਨਕਾਰ ਕੀਤਾ। ਰਬ ਦਾ ਕਾਰਨ ਐਸਾ ਹੋਇਆ ਕਿ ਉਹ ਗੁੰਬਦ ਚਾਲੀ ਦਿਨਾਂ ਤੋਂ ਪਹਿਲੋਂ ਫਟ ਜਾਣ ਨਾਲ ਪੀਰ ਦਾ ਚਿਲ੍ਹਾ ਟੁਟ ਗਿਆ। ਪੀਰ ਨੂੰ ਭੈ ਲਗਾ, ਬਾਹਰ ਆਇਆ ਤਾਂ ਗੁਰੂ ਜੀ ਨਾਲ ਮੇਲ ਹੋਇਆ। ਗੁਰੂ ਜੀ ਨੇ ਪੀਰ ਨੂੰ ਸਮਝਾਇਆ ਕਿ ਸਿਆਲਕੋਟ ਵਾਸੀ ਸਾਰੇ ਹੀ ਭੈੜੇ ਨਹੀਂ ਇਨ੍ਹਾਂ ਵਿਚ ਸਚ ਝੂਠ ਦੀ ਪਛਾਣ ਕਰਨ ਵਾਲੇ ਬੰਦੇ ਵੀ ਹਨ। ਭਾਈ ਮਰਦਾਨੇ ਨੂੰ ਇਕ ਟਕਾ ਦੇ ਕੇ ਸ਼ਹਿਰ ਤੋਂ ਸਚ ਝੂਠ ਖ੍ਰੀਦ ਲਿਆਉਣ ਲਈ ਭੇਜਿਆ ਗਿਆ। ਮਰਦਾਨਾ ਕਈ ਥਾਈਂ ਫਿਰਿਆ, ਅਖੀਰ ਇਕ ਦੁਕਾਨਦਾਰ ਨੇ ਟਕਾ ਲੈ ਲਿਆ ਅਤੇ ਇਕ ਕਾਗਜ਼ ਤੇ 'ਮਰਨਾ ਸਚ ਤੇ ਜਿਊਣਾ ਝੂਠ' ਲਿਖ ਕੇ ਮਰਦਾਨੇ ਨੂੰ ਦੇ ਦਿਤਾ। ਗੁਰੂ ਜੀ ਨੇ ਇਹ ਵਿਖਾ ਕੇ ਪੀਰ ਨੂੰ ਸਮਝਾਇਆ ਕਿ ਦੁਨੀਆਂ ਵਿਚ ਭੈੜੇ ਬੰਦਿਆਂ ਅੰਦਰ ਸਚ ਝੂਠ ਦਾ ਨਿਰਨਾ ਕਰ ਲੈਣ ਵਾਲੇ ਚੰਗੇ ਭੀ ਹਨ। ਮਨੁੱਖ ਨੂੰ ਹਮੇਸ਼ਾ ਸਭ ਕਿਸੇ ਲਈ ਰਬ ਦਾ ਫਜ਼ਲ ਮੰਗਣਾ ਚਾਹੀਦਾ ਹੈ, ਜੋ ਕਿਸੇ ਦੂਜੇ ਪਰ ਰਬ ਦਾ ਕਹਿਰ ਮੰਗਦਾ ਹੈ ਉਹ ਖੁਦ ਉਸ ਕਹਿਰ ਦਾ ਸ਼ਿਕਾਰ ਹੋ ਜਾਂਦਾ ਹੈ। ਜਿਸ ਬੇਰ ਦੇ ਰੁੱਖ ਹੇਠ ਗੁਰੂ ਜੀ ਦੀ ਹਮਜ਼ਾਗੌਂਸ ਨਾਲ ਵਾਰਤਾਲਾਪ ਹੋਈ ਓਹ ਉਥੇ ਮੌਜੂਦ ਹੈ।

ਗੁਰਦੁਆਰਾ ਪੰਜਾ ਸਾਹਿਬ। ਇਹ ਉਤਰ ਪਛਮੀ ਸਰਹਦੀ ਸੂਬੇ ਦੇ ਜ਼ਿਲਾ ਕੈਂਬਲਪੁਰ ਵਿਚ ਰੇਲਵੇ ਸਟੇਸ਼ਨ ਹਸਨ ਅਬਦਾਲ ਤੋਂ ਦੋ ਕੁ ਕਿਲੋ ਮੀਟਰ ਦੂਰ ਇਕ ਛੋਟੀ ਪਹਾੜੀ ਦੇ ਹੇਠ ਵਾਰ ਹੈ। ਏਥੇ ਪਾਣੀ ਦੀ ਵਡੀ ਥੁੜ ਸੀ। ਕੇਵਲ ਇਕ ਸੋਮਾ ਪਹਾੜੀ ਉਪਰ ਪੀਰ ਵਲੀ ਕੰਧਾਰੀ ਦੇ ਕਬਜ਼ੇ ਵਿਚ ਸੀ। ਭਾਈ ਮਰਦਾਨੇ ਨੂੰ ਪਿਆਸ ਲਗੀ ਤਾਂ ਗੁਰੂ ਜੀ ਨੇ ਉਸ ਨੂੰ ਪਹਾੜੀ ਉਪਰ ਜਾ ਕੇ

ਪਾਣੀ ਪੀ ਆਉਣ ਲਈ ਕਿਹਾ ਪ੍ਰੰਤੂ ਪੀਰ ਨੇ ਮਰਦਾਨੇ ਨੂੰ ਪਾਣੀ ਨਾ ਲੈਣ ਦਿਤਾ। ਗੁਰੂ ਜੀ ਨੇ ਦੋਬਾਰਾ ਭੇਜਿਆ ਤਾਂ ਵੀ ਪੀਰ ਨੇ ਪਾਣੀ ਨਾ ਦਿਤਾ ਬਲਕਿ ਕੁਝ ਵਧ ਘਟ ਸ਼ਬਦ ਵੀ ਕਹੇ। ਜਦੋਂ ਮਰਦਾਨਾ ਅਤਿ ਵਿਆਕੁਲ ਵਾਪਸ ਮੁੜਿਆ ਤਾਂ ਗੁਰੂ ਜੀ ਦੇ ਕਹਿਣ ਤੇ ਮਰਦਾਨੇ ਨੇ ਉਸ ਥਾਉਂ ਤੋਂ ਜਿਥੇ ਆਪ ਬੈਠੇ ਸਨ ਇਕ ਪਥਰ ਪੁਟਿਆ ਤਾਂ ਹੇਠੋਂ ਨਿਰਮਲ ਜਲ ਦਾ ਸੋਮਾ ਫੁਟ ਪਿਆ। ਪੀਰ ਨੇ ਈਰਖਾ ਕਰਦੇ ਹੋਏ ਗੁਰੂ ਜੀ ਵੱਲ ਉਪਰ ਤੋਂ ਪਥਰ ਰੇੜ੍ਹਿਆ ਜਿਸ ਨੂੰ ਗੁਰੂ ਜੀ ਨੇ ਹਥ ਦੇ ਪੰਜੇ ਨਾਲ ਰੋਕ ਲਿਆ ਪਥਰ ਪਰ ਪੰਜੇ ਦਾ ਨਿਸ਼ਾਨ ਹੁਣ ਭੀ ਮੌਜੂਦ ਹੈ ਅਤੇ ਇਸ ਦੇ ਥਲਿਉਂ ਪਾਣੀ ਦਾ ਸੋਮਾਂ ਜੋ ਉਸ ਸਮੇਂ ਫੁਟਿਆ ਸੀ ਤਦੋਂ ਤੋਂ ਹੁਣ ਤਕ ਚਲਦਾ ਆ ਰਿਹਾ ਹੈ। ਇਸ ਘਟਨਾਂ ਦੀ ਯਾਦ ਵਿਚ ਏਥੇ ਵਡਾ ਸੁੰਦਰ ਗੁ: ਪੰਜਾ ਸਾਹਿਬ ਕਾਇਮ ਹੈ।

ਸੰਨ ੧੯੨੨ ਵਿਚ ਜਦੋਂ ਗੁਰੂ ਕੇ ਬਾਗ (ਅੰਮ੍ਰਿਤਸਰ) ਤੋਂ ਫੜੇ ਸਿੰਘ ਕੈਦੀਆਂ ਦੀ ਸਪੈਸ਼ਲ ਗਡੀ ਉਨ੍ਹਾਂ ਨੂੰ ਕੈਂਬਲਪੁਰ ਜੇਲ੍ਹ ਅੰਦਰ ਬੰਦ ਕਰਨ ਲਈ ਲੈ ਜਾ ਰਹੀ ਸੀ ਤਾਂ ਏਥੋਂ ਦੀਆਂ ਸੰਗਤਾਂ ਨੇ ਗਡੀ ਰੋਕ ਕੇ ਸਿੰਘਾਂ ਨੂੰ ਪ੍ਰਸ਼ਾਦ ਪਾਣੀ ਛਕਾਉਣ ਦੀ ਮੰਗ ਕੀਤੀ ਜੋ ਮੰਨੀ ਨਾ ਗਈ। ਇਸ ਪਰ ਕੁਝ ਸਿੰਘ ਆ ਰਹੀ ਗਡੀ ਦੇ ਸਾਹਮਣੇ ਲਾਈਨ ਪਰ ਲੇਟ ਗਏ ਜਿਸ ਕਾਰਨ ਡਰਾਈਵਰ ਨੂੰ ਗਡੀ ਖੜੀ ਕਰਨੀ ਪਈ ਪ੍ਰੰਤੂ ਗਡੀ ਦੇ ਖਲੋਂਦੇ ੨ ਭੀ ਦੋ ਸਿੰਘ ਗਡੀ ਹੇਠ ਆ ਕੇ ਸ਼ਹੀਦ ਹੋ ਗਏ ਪ੍ਰੰਤੂ ਪੰਜਾ ਸਾਹਿਬ ਦੀਆਂ ਸੰਗਤਾਂ ਨੇ ਕੈਦੀ ਸਿੰਘਾਂ ਦੀ ਪ੍ਰਸ਼ਾਦ ਪਾਣੀ ਦੀ ਸੇਵਾ ਕਰਨ ਦੀ ਆਪਣੀ ਸੱਧਰ ਪੂਰੀ ਕਰ ਲਈ।

ਕਰਤਾਰਪੁਰ : ਜ਼ਿਲਾ ਸਿਆਲਕੋਟ ਅੰਦਰ ਦਰਿਆ ਰਾਵੀ ਕੰਢੇ ਨਾਰੋਵਾਲ-ਚਕ ਅਮਰੂ ਰੇਲਵੇ ਲਾਈਨ ਪਰ ਕਰਤਾਰਪੁਰ ਰੇਲਵੇ ਸਟੇਸ਼ਨ ਹੈ। ਦੇਸ ਅਤੇ ਬਦੇਸਾਂ ਅੰਦਰ ਜਦੋਂ ਗੁਰੂ ਨਾਨਕ ਦੇਵ ਲਗਾਤਾਰ ੨੩-੨੪ ਸਾਲ 'ਸਤਿਨਾਮ ਦਾ ਚਕ੍ਰ' ਫਿਰਾ ਚੁਕੇ ਤਾਂ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ

'ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ
ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ'

ਆਪ ੧੮ ਸਾਲ ਗ੍ਰਹਸਥ ਅੰਦਰ ਤਿਆਗ ਦਾ ਅਮਲੀ ਸੰਦੇਸ਼ ਦੇਣ ਮਗਰੋਂ ਇਸ ਥਾਉਂ ਹੀ ਜੋਤੀ ਜੋਤਿ ਸਮਾਏ। ਹਿੰਦੂ ਮੁਸਲਮਾਨ ਦੋਹਾਂ ਨੇ ਆਪੋ ਆਪ ਗੁਰੂ ਜੀ

ਦਾ ਦੇਹੁਰਾ ਤੇ ਮਸੀਤ ਏਥੇ ਹੀ ਬਣਾਏ ਸਨ ਜੋ ਦੋਵੇਂ ਹੀ ਦਰਿਆ ਰੋੜ੍ਹ ਲੈ ਗਿਆ ਸੀ ।

ਗੁਰੂ ਨਾਨਕ ਦੇਵ ਜੀ ਦੀ ਯਾਦ ਅੰਦਰ ਉਕਤ ਗੁਰਦੁਆਰਿਆਂ ਤੋਂ ਇਲਾਵਾ ਕੁਝ ਹੋਰ ਗੁਰਦੁਆਰੇ ਭੀ ਪਾਕਸਤਾਨ ਅੰਦਰ ਰਹਿ ਗਏ ਹਨ ਜਿਨਾਂ ਵਿਚੋਂ ਵਿਸ਼ੇਸ਼ ਵਰਨਣ ਯੋਗ ਹਨ :

(੧) ਨਾਨਕਿਆਨਾ ਜ਼ਿਲਾ ਮਿੰਟਗੁਮਰੀ ਦੀ ਤਸੀਲ ਦੀਪਾਲਪੁਰ ਵਿਚ ਜਿਥੇ ਗੁਰੂ ਜੀ ਨੇ ਇਕ ਕੋਹੜੀ ਦੀ ਆਪਣੀ ਹਥੀਂ ਸੇਵਾ ਕਰ ਕੇ ਤੰਦਰੁਸਤੀ ਬਖਸ਼ੀ ਸੀ ।

(੨) ਤੁਲੰਬੇ ਲਾਗੇ ਜ਼ਿਲਾ ਮੁਲਤਾਨ ਅੰਦਰ ਉਹ ਸਥਾਨ ਹੈ ਜਿਥੇ ਗੁਰੂ ਨਾਨਕ ਦੇਵ ਜੀ ਨੇ ਭਾਈ ਸਜਣ (ਠੱਗ) ਨੂੰ ਠੱਗੀ ਛਡ ਕੇ ਸਹੀ ਅਰਥਾਂ ਵਿਚ ਸਜਣ ਬਨਣ ਦਾ ਉਪਦੇਸ਼ ਦਿਤਾ ਅਤੇ ਸੂਹੀ ਰਾਗ ਅੰਦਰ ਦਰਜ ਸ਼ਬਦ

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ... ' ਉਚਾਰਨ ਕੀਤਾ ।

(੩) ਗੁ: ਡੇਰਾ ਚਾਹਲ, ਜ਼ਿਲਾ ਲਾਹੌਰ–ਇਹ ਗੁਰੂ ਨਾਨਕ ਦੇਵ ਜੀ ਦਾ ਨਾਨਕਾ ਪਿੰਡ ਸੀ ਏਥੇ ਹੀ ਆਪ ਦੀ ਭੈਣ ਨਾਨਕੀ ਜੀ ਦਾ ਜਨਮ ਹੋਇਆ ਸੀ ।

(੪) ਗੁਰਦਵਾਰਾ ਰੋੜ ਬਾਬਾ ਨਾਨਕ ਜ਼ਿਲਾ ਗੁਜਰਾਤ ਵਿਚ ਹੈ ।

ਗੁਰੂ ਨਾਨਕ ਦੇਵ ਜੀ ਦੇ ਉਕਤ ਯਾਦਗਾਰੀ ਅਸਥਾਨਾਂ ਤੋਂ ਇਲਾਵਾ ਪਾਕਸਤਾਨ ਅੰਦਰ ਰਹੇ ਕੁਝ ਐਸੇ ਟਿਕਾਣੇ ਭੀ ਹਨ ਜਿਨ੍ਹਾਂ ਦਾ ਸਿਖ ਇਤਿਹਾਸ ਅੰਦਰ ਵਡਾ ਮਹੱਤਵ ਪੂਰਨ ਸਥਾਨ ਹੈ ਜਿਨਾਂ ਦਾ ਸੰਖੇਪ ਇਸ ਪ੍ਰਕਾਰ ਹੈ :

(੧) ਡੇਰਾ ਸਾਹਿਬ ਲਾਹੌਰ : ਇਸ ਥਾਉਂ ਮੁਗਲ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਵਡੇ ਅਸਹ ਤੇ ਅਸਹਿ ਤਸੀਹੇ ਦੇ ਕੇ ਸੰਨ ੧੬੦੬ ਜੇਠ ਸੁਦੀ ਚੌਥ ਦੇ ਦਿਨ ਸ਼ਹੀਦ ਕੀਤਾ ਗਿਆ ਸੀ । ਇਹ ਥਾਉਂ ਲਾਹੌਰ ਦੇ ਸ਼ਾਹੀ ਕਿਲੇ ਦੇ ਪਾਸ ਰੇਲਵੇ ਸਟੇਸ਼ਨ ਬਾਦਾਮੀ ਬਾਗ ਤੋਂ ਇਕ ਕਿਲੋ ਮੀਟਰ ਦੂਰ ਹੈ । ਉਸ ਸਮੇਂ ਇਹ ਥਾਂ ਦਰਿਆ

ਰਾਵੀ ਦੇ ਕੰਢੇ ਤੇ ਸੀ ਜਿਸ ਨੇ ਹੁਣ ਅਪਣਾ ਵਹਿਣ ਬਦਲ ਲਿਆ ਹੈ ।

੨) ਸਮਾਧ ਮਹਾਰਾਜਾ ਰਣਜੀਤ ਸਿੰਘ : ਗੁਰਦੁਆਰਾ ਡੇਹਰਾ ਸਾਹਿਬ ਦੇ ਨਾਲ ਲਗਦਾ ਇਹ ਮਹਾਰਾਜਾ ਰਣਜੀਤ ਸਿੰਘ ਦੇ ਮ੍ਰਿਤੂ ਸਰੀਰ ਦਾ ਦਾਹ ਸਥਾਨ ਹੈ ।

(੩) ਜਨਮ ਅਸਥਾਨ ਸ੍ਰੀ ਗੁਰੂ ਰਾਮ ਦਾਸ ਜੀ ਜੋ ਚੂਨੇ ਮੰਡੀ ਲਾਹੌਰ ਵਿਚ ਹੈ ।

(੪) ਗੁਰਦੁਆਰਾ ਮੁਜੰਗ ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਮੁਜੰਗਾਂ ਦੀ ਆਬਾਦੀ ਅੰਦਰ ਯਾਦਗਾਰ ਦਰਸਾਉਂਦਾ ਹੈ ।

(੫) ਸ਼ਹੀਦ ਗੰਜ ਭਾਈ ਮਨੀ ਸਿੰਘ ਅਤੇ ਭਾਈ ਤਾਰੂ ਸਿੰਘ : ਇਹ ਰੇਲਵੇ ਸਟੇਸ਼ਨ ਲਾਹੌਰ ਤੋਂ ਅਧਾ ਕੁ ਕਿਲੋਮੀਟਰ ਦੂਰ ਲੰਡੇ ਬਾਜ਼ਾਰ ਵਿਚ ਇਸਥਿਤ ਹਨ ਏਥੇ ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਕਟ ਕੇ ਅਤੇ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰ ਕੇ ਉਨਾਂ ਨੂੰ ਸ਼ਹੀਦ ਕੀਤਾ ਗਿਆ ਸੀ । ਏਥੇ ਹੀ ਦਿਲੀ ਦਰਵਾਜ਼ੇ ਨਖਾਸ (ਘੋੜਾ ਮੰਡੀ) ਅੰਦਰ ਹਜ਼ਾਰਾਂ ਸਿੰਘ ਬਾਹਰੋਂ ਫੜ ਲਿਆਏ ਅਤੇ ਸ਼ਹੀਦ ਕੀਤੇ ਜਾਂਦੇ ਰਹੇ ।

(੬) ਸ਼ਹੀਦ ਗੰਜ ਸਿੰਘਣੀਆਂ : ਇਹ ਭੀ ਲੰਡੇ ਬਾਜ਼ਾਰ ਵਿਚ ਓਹ ਥਾਂ ਹੈ ਜਿਥੇ ਸਿੰਘਣੀਆਂ ਦੇ ਮਾਸੂਮ ਬਚਿਆਂ ਨੂੰ ਉਨ੍ਹਾਂ ਦੀਆਂ ਮਾਵਾਂ ਦੇ ਸਾਮ੍ਹਣੇ ਉਪਰ ਨੂੰ ਸੁਟ ਨੇਜ਼ਿਆਂ ਵਿਚ ਪਰੋਇਆ ਜਾਂਦਾ ਅਤੇ ਉਨ੍ਹਾਂ ਦੇ ਟੋਟੇ ੨ ਕਰ ਕੇ ਤੇ ਹਾਰ ਬਣਾ ਮਾਵਾਂ ਦੇ ਗਲ ਪਾਏ ਜਾਂਦੇ ਸੀ । ਇਸ ਥਾਂ ਤੇ ਇਕ ਮਸੀਤ ਦੀ ਸ਼ਕਲ ਦੀ ਇਮਾਰਤ ਬਣੀ ਹੋਈ ਸੀ ਜਿਥੋਂ ਕਾਜ਼ੀ ਸਿੰਘਾਂ ਸਿੰਘਣੀਆਂ ਦੇ ਖਿਲਾਫ ਤਸੀਹੇ ਦੇਣ ਤੇ ਕਤਲ ਕੀਤੇ ਜਾਣ ਦੇ ਫਤਵੇ ਦਿਆ ਕਰਦਾ ਸੀ । ਅਕਾਲੀ ਲਹਿਰ ਤੋਂ ਪਿਛੋਂ ਸੰਨ ੧੯੩੫ ਵਿਚ ਸਿੰਘਾਂ ਨੇ ਇਸ ਥਾਉਂ ਤੇ ਕਬਜ਼ਾ ਕਰ ਕੇ ਓਹ ਇਮਾਰਤ ਢਾਹ ਦਿਤੀ-ਮੁਸਲਮਾਨਾਂ ਵਲੋਂ ਵਡੀ ਐਜੀਟੇਸ਼ਨ ਹੋਈ ਪ੍ਰੰਤੂ ਸਿੰਘ ਡਰੇ ਨਹੀਂ-ਮੁਸਲਮਾਨਾਂ ਨੇ ਇਸ ਥਾਉਂ ਨੂੰ ਮਸੀਤ ਸਿਧ ਕਰਨ ਲਈ ਪ੍ਰਿਵੀ ਕੌਂਸਲ ਤਕ ਮੁਕੱਦਮਾ ਲੜਿਆ ਪ੍ਰੰਤੂ ਉਨ੍ਹਾਂ ਨੂੰ ਇਸ ਵਿਚ ਅਖ਼ੀਰ ਤਕ ਹਾਰ ਹੋਈ । ਇਸ ਦੇ ਇਹਾਤੇ ਅੰਦਰ ਇਕ ਵਡਾ ਖੂਹ ਹੈ ਜੋ ਬਹੁਤ ਸਾਰਾ ਪੂਰਿਆ ਗਿਆ ਹੋਇਆ ਸੀ

ਇਸ ਦੀ ਸਫਾਈ ਕਰਾਉਣ ਤੇ ਇਸ ਵਿਚੋਂ ਕਈ ਸ਼ਹੀਦ ਕੀਤੇ ਸਿੰਘਾਂ ਅਤੇ ਬੱਚਿਆਂ ਦੇ ਪਿੰਜਰ-ਹੱਡੀਆਂ ਖੋਪਰੀਆਂ ਆਦਿ ਮਿਲੇ ਅਤੇ ਕਈ ਪੱਥਰ ਦੇ ਗੋਲੇ ਤੇ ਚੱਕੀਆਂ ਦੇ ਪੁੜ ਮਿਲੇ ਜੋ ਸਿੰਘਣੀਆਂ ਦੀਆਂ ਛਾਤੀਆਂ ਪਰ ਰਖ ਕੇ ਉਨ੍ਹਾਂ ਨੂੰ ਸ਼ਹੀਦ ਕੀਤਾ ਜਾਂਦਾ ਸੀ। ਕਈ ਆਟਾ ਪੀਸਣ ਵਾਲੀਆਂ ਚੱਕੀਆਂ, ਜਿਨ੍ਹਾਂ ਨੂੰ ਚਲਾ ਕੇ ਕੈਦ ਅੰਦਰ ਪਈ ਹਰ ਸਿੰਘਣੀ ਸਵਾ ੨ ਮਣ ਆਟਾ ਰੋਜ਼ ਪੀਸਦੀ ਸੀ ਭੀ ਏਥੋਂ ਬਰਾਮਦ ਹੋਈਆਂ ਸਨ। ਇਹ ਸਭ ਕੁਝ ਏਥੇ ਸ਼ਹੀਦ ਹੋਏ ਸਿੰਘਾਂ ਸਿੰਘਣੀਆਂ ਨਾਲ ਵਰਤੀਆਂ ਸਖਤੀਆਂ ਦਾ ਮੂੰਹ ਬੋਲਦਾ ਸਬੂਤ ਹਨ।

(੭) ਗੁਰਦੁਆਰੇ ਹਾਫਜ਼ਾਬਾਦ ਅਤੇ ਬਚੇ ਨੌ ਜ਼ਿਲਾ ਗੁਜਰਾਂਵਾਲਾ : ਇਹ ਛੋਟੇ ਅਸਥਾਨ ਇਨਾਂ ਥਾਵਾਂ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਦਰਸਾਉਂਦੇ ਹਨ ਜਿਥੇ ਗੁਰੂ ਜੀ ਕਸ਼ਮੀਰ ਤੋਂ ਵਾਪਸੀ ਸਮੇਂ ਨਨਕਾਣਾ ਸਾਹਿਬ ਨੂੰ ਜਾਂਦੇ ਹੋਏ ਠਹਿਰੇ।

(੮) ਗੁਰਦੁਆਰਾ ਭਾਈ ਜੋਗਾ ਸਿੰਘ : ਇਹ ਪਿਸ਼ਾਵਰ ਸ਼ਹਿਰ ਅੰਦਰ ਭਾਈ ਜੋਗਾ ਸਿੰਘ ਜੀ ਦਾ ਅਸਥਾਨ ਹੈ ਜਿਨਾਂ ਨੇ ਗੁਰੂ ਕਾ ਹੁਕਮ ਵੇਖਦੇ ਸਾਰ ਆਪਣੇ ਵਿਆਹ ਦੀਆਂ ਲਾਵਾਂ ਵਿਚੇ ਛਡ ਹੁਕਮ ਦੀ ਤਾਮੀਲ ਕੀਤੀ ਸੀ।

(੯) ਗੁਰਦੁਆਰਾ ਭਾਈ ਫੇਰੂ ਸਚੀ ਦਾੜ੍ਹੀ : ਇਹ ਜ਼ਿਲਾ ਲਾਹੌਰ ਵਿਚ ਗੁਰੂ ਕੇ ਸਿਦਕੀ ਸਿਖ ਭਾਈ ਫੇਰੂ ਜੀ ਦਾ ਯਾਦਗੀਰੀ ਸਥਾਨ ਹੈ। ਸੰਨ ੧੯੨੪ ਵਿਚ ਇਸ ਗੁਰਦੁਆਰੇ ਦੀਆਂ ਜ਼ਮੀਨਾਂ ਦੇ ਕਬਜ਼ੇ ਸੰਬੰਧੀ ਅਕਾਲੀ ਸਿੰਘਾਂ ਨੂੰ ਏਥੇ ਮੋਰਚਾ ਲਾਉਣਾ ਪਿਆ ਸੀ। ਜਿਸ ਵਿਚ ਕਈ ਹਜ਼ਾਰ ਸਿੰਘ ਕੈਦ ਹੋਏ ਅਤੇ ਅਖੀਰ ਸਰਕਾਰ ਨੇ ਸਿਖਾਂ ਦੇ ਹੱਕ ਨੂੰ ਤਸਲੀਮ ਕਰਦੇ ਹੋਏ ਸਮੁਚੀ ਜਾਇਦਾਦ ਪੰਥਕ ਕਮੇਟੀ ਦੇ ਹਵਾਲੇ ਕੀਤੀ।

(੧੦) ਗੁ: ਜਾਤਰੀ : ਇਹ ਦਰਿਆ ਰਾਵੀ ਦੇ ਸਜੇ ਕੰਢੇ ਬਲੋ ਕੀ ਹੈਡ ਦੇ ਪਾਸ ਅਤੇ ਨਾਨਕਾਣਾ ਸਾਹਿਬ ਤੋਂ ਸਿੱਧਾ ਪੰਦਰਾਂ ਕੋਸ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਯਾਦ ਦਰਸਾਉਂਦਾ ਹੈ ਜਦੋਂ ਆਪ ਦਰਿਆ ਪਾਰ ਪਿੰਡ ਜੰਬਰਾਂ ਦੇ ਸਿਖਾਂ ਵਿਚਾਲ ਹੋਇਆ ਝਗੜਾ ਨਿਪਟਾ ਕੇ ਨਨਕਾਣਾ ਸਾਹਿਬ ਨੂੰ ਜਾਂਦੇ ਹੋਏ ਏਥੇ ਠਹਿਰੇ।

(੧੧) ਗੁ: ਜੰਭਰ : ਦਰਿਆ ਰਾਵੀ ਦੇ ਖਬੇ ਪਾਸੇ ਰੇਲਵੇ ਸਟੇਸ਼ਨ ਛਾਂਗਾ ਮਾਂਗਾ ਲਾਗੇ ਜੰਭਰ ਪਿੰਡ ਵਿਚ ਬਣਿਆ ਓਹ ਸਥਾਨ ਹੈ ਜਿਥੇ ਗੁਰੂ ਅਰਜਨ ਦੇਵ ਜੀ ਆ ਕੇ ਰਹੇ ਸਨ ਸ਼ਹੀਦ ਸਬੇਗ ਸਿੰਘ ਸ਼ਾਹਬਾਜ਼ ਸਿੰਘ ਜੋ ਚਰਖੀ ਪਰ ਚੜ੍ਹਾ ਕੇ ਸ਼ਹੀਦ ਕੀਤੇ ਗਏ ਇਸੇ ਪਿੰਡ ਦੇ ਸਨ ।

(੧੨) ਗੁ: ਹਰਤ ਮੰਦਰ : ਇਹ ਦਰਿਆ ਰਾਵੀ ਦੇ ਬਲੋਂ ਕੀ ਹੈਡ ਦੇ ਉਤਰ ਵਿਚ ਹੈਡ ਤੋਂ ਪੰਜ ਛੇ ਕਿਲੋ ਮੀਟਰ ਨਹਿਰ ਅੱਪਰ ਬਾਰੀ ਦੁਆਬ ਦੇ ਲਾਗੇ ਹੈ ਇਥੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨਨਕਾਣਾ ਸਾਹਿਬ ਤੋਂ ਵਾਪਸ ਮੁੜਦੇ ਹੋਏ ਠਹਿਰੇ ਸਨ । ਇਸ ਥਾਉਂ ਦੇ ਮਹੰਤਾਂ ਪਾਸ ਗੁਰੂ ਜੀ ਦੇ ਪੈਰਾਂ ਦਾ ਚਮੜੇ ਦਾ ਜੋੜਾ ਸੰਭਾਲ ਰਖਿਆ ਹੋਇਆ ਸੀ ਜੋ ੧੯੪੭ ਦੀ ਦੇਸ਼ ਵੰਡ ਮਗਰੋਂ ਓਹ ਭਾਰਤ ਅੰਦਰ ਲੈ ਆਏ ਦਸੇ ਜਾਂਦੇ ਹਨ ।

(੧੩) ਡੇਹਰੀ ਭਾਈ ਥਾਨ ਸਿੰਘ : ਜ਼ਿਲਾ ਕੈਂਬਲ ਪੁਰ ਤਸੀਲ ਫਤਿਹ ਜੰਗ ਅੰਦਰ ਇਕ ਛੋਟੀ ਜਹੀ ੮੪ ਪਿੰਡਾਂ ਦੀ ਮੁਸਲਮਾਨੀ ਰਿਆਸਤ ਵਿਚ ਕੋਟ ਫਤਿਹ ਖਾਨ ਲਾਗੇ ਇਹ ਗੁਰੂ ਦੇ ਇਕ ਸਿਦਕੀ ਨਿਰਮਲੇ ਸਿਖ ਭਾਈ ਥਾਨ ਸਿੰਘ ਦੀ ਡੇਹਰੀ ਹੈ ਏਥੇ ਹਰ ਸਾਲ ਵਿਸਾਖੀ ਦਾ ਮੇਲਾ ਲਗਦਾ ਸੀ ਜਿਸ ਦਾ ਪ੍ਰਬੰਧ ਗੁ: ਕਮੇਟੀ ਪੰਜਾ ਸਾਹਿਬ ਕਰਦੀ ਸੀ ਕਿਉਂਕਿ ਇਸ ਡੇਹਰੀ ਦਾ ਪ੍ਰਬੰਧ ਭੀ ਪੰਜਾ ਸਾਹਿਬ ਕਮੇਟੀ ਦੇ ਹਥ ਵਿਚ ਸੀ ।

(੧੪) ਸਮਾਧ ਅਕਾਲੀ ਫੂਲਾ ਸਿੰਘ : ਇਹ ਭੀ ਜ਼ਿਲਾ ਕੈਂਬਲਪੁਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਅਕਾਲੀ ਫੂਲਾ ਸਿੰਘ ਦੀ ਯਾਦ ਵਿਚ ਬਣੀ ਹੋਈ ਹੈ ।

(੧੫) ਸਮਾਧ ਸ੍ਰ: ਮਹਾਂ ਸਿੰਘ : ਇਹ ਗੁਜਰਾਂਵਾਲਾ ਸ਼ਹਿਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸ੍ਰ: ਮਹਾਂ ਸਿੰਘ ਦੀ ਸਮਾਧ ਹੈ ।

(੧੬) ਸ੍ਰ: ਹਰੀ ਸਿੰਘ ਨਲੂਆ ਦਾ ਸਥਾਨ ਜਮਰੌਦ ਜ਼ਿਲਾ ਪਿਸ਼ਾਵਰ : ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਦੇ ਜਰਨੈਲ ਸ੍ਰ: ਹਰੀ ਸਿੰਘ ਨਲੂਆ ਦੀ ਅੰਤਮ ਸਮੇਂ ਦੀ ਯਾਦ ਜਮਰੌਦ ਦੇ ਕਿਲੇ ਅੰਦਰ ੧੯੪੭ ਦੀ ਦੇਸ਼ ਵੰਡ ਤਕ ਸੁਰਖਿਅਤ ਰਹੀ ਹੈ ।

(੧੭) ਗੁਰਦੁਆਰਾ ਭਾਈ ਦਿਆਲਾ ਮੁਲਤਾਨ : ਇਹ ਗੁਰਦੁਆਰਾ ਮੁਲਤਾਨ ਸ਼ਹਿਰ ਦੇ ਮਧ ਵਿਚ ਗੁਰੂ ਦੇ ਸਿਦਕੀ ਸਿਖ ਭਾਈ ਦਿਆਲੇ ਦੀ ਯਾਦ ਵਿਚ ਬਣਿਆ ਹੋਇਆ ਸੀ।

ਉਪਰ ਦਰਜ ਸੂਚੀ ਅਤੇ ਨਿਰਨਾ ਪਾਕਸਤਾਨ ਅੰਦਰ ਰਹਿ ਗਏ ਉਨ੍ਹਾਂ ਕੁਝ ਗੁਰਦੁਆਰਿਆਂ ਦਾ ਹੈ ਜਿਨ੍ਹਾਂ ਬਾਰੇ ਹਰ ਸਿਖ ਸਵੇਰੇ ਸ਼ਾਮ ਸਤਿਗੁਰੂ ਜੀ ਦੇ ਹਜ਼ੂਰ ਇਹ ਅਰਦਾਸ ਕਰਦਾ ਹੈ ਕਿ 'ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰੇ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ ਦੇ ਖੁੱਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ।' ਗੁਰੂ ਦੇ ਸਿਖਾਂ ਦੀ ਹਰ ਰੋਜ਼ ਕੀਤੀ ਜਾਂਦੀ ਇਹ ਅਰਦਾਸ ਤੀਹ ਸਾਲਾਂ ਤੋਂ ਚਲ ਰਹੀ ਹੈ ਅਤੇ ਕਈ ਸੱਜਣ ਇਹ ਕਹਿੰਦੇ ਭੀ ਸੁਣੇ ਹਨ ਕਿ ਪਤਾ ਨਹੀਂ ਅਨੇਕ ਸਿਖ ਹਿਰਦਿਆਂ ਵਿਚੋਂ ਹੋੜ੍ਹਾਂ ਨਾ ਨਿਕਲਦੀ ਇਹ ਅਰਦਾਸ ਹੁਣ ਤਕ ਕਬੂਲ ਕਿਉਂ ਨਹੀਂ ਹੋਈ। ਇਕ ਸੂਝਵਾਨ ਤੇ ਸ਼ਰਧਾਵਾਨ ਗੁਰਸਿਖ ਨੇ ਮੈਨੂੰ ਇਹ ਭੀ ਕਿਹਾ ਕਿ 'ਅਸੀਂ ਗੁਰੂ ਦੀ ਸੇਵਾ ਦੇ ਲਾਇਕ ਨਹੀਂ ਰਹੇ ਜਿਸ ਕਰ ਕੇ ਸਾਨੂੰ ਉਨ੍ਹਾਂ ਪਵਿਤਰ ਅਸਥਾਨਾਂ ਤੋਂ ਵਿਛੋੜਿਆ ਗਿਆ ਹੈ' ਸ਼ਾਇਦ ਸਾਡੀ ਨਿਤਾਪ੍ਰਤ ਕੀਤੀ ਜਾਂਦੀ ਅਰਦਾਸ ਕਬੂਲ ਨ ਪੈਣ ਦਾ ਇਹੋ ਹੀ ਕਾਰਨ ਹੋਵੇ। ਆਓ ਇਸ ਨੂੰ ਵਿਚਾਰੀਏ : ਮੋਟੇ ਤੌਰ ਵਿਚਾਰਨ ਯੋਗ ਦੋ ਨੁਕਤੇ ਹਨ (੧) ਅਰਦਾਸ ਦਾ ਸੁਣਿਆ ਤੇ ਮੰਨਿਆ ਜਾਣਾ ਅਤੇ (੨) ਸੇਵਾ ਲਈ ਸਿਖਾਂ ਦੀ ਯੋਗਤਾ। ਅਰਦਾਸ ਦੀ ਮਹੱਤਤਾ ਬਾਰੇ ਸਿਖੀ ਦਾ ਵਿਸ਼ਵਾਸ ਵਡਾ ਸਪਸ਼ਟ ਹੈ। ਗੁਰਬਾਣੀ ਦੇ ਫੁਰਮਾਣ

(ੳ) 'ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ'

(ਵਾਰ ਗੂਜਰੀ)

(ਅ) 'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ' (ਬਿਲਾਵਲ ਮ: ੫)

(ੲ) 'ਸੇਵਕ ਕਉ ਨਿਕਟੀ ਹੋਇ ਦਿਖਾਵੈ
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ' (ਆਸਾ ਮ: ੫)

ਨਿਸ਼ਚੇ ਕਰਾਉਂਦੇ ਹਨ ਕਿ ਅਰਦਾਸ ਜ਼ਰੂਰ ਸੁਣੀ ਜਾਂਦੀ ਹੈ ਅਤੇ ਵਾਹਿਗੁਰੂ ਆਪਣੇ ਜਨਾ (ਦਾਸਾਂ) ਅਤੇ ਸੇਵਕਾਂ ਦੇ ਨੇੜੇ ਹੋ ਕੇ ਉਨ੍ਹਾਂ ਦੇ ਕੰਮ

ਕਰਦਾ ਹੈ । ਐਸੇ ਸੇਵਕ ਹੀ ਸੇਵਾ ਕਰਨ ਦੇ ਯੋਗ ਸਮਝੇ ਜਾ ਸਕਦੇ ਹਨ । ਸੋ ਸੇਵਾ ਕਰਨ ਦੀ ਯੋਗਤਾ ਹੀ ਸੇਵਕ ਨੂੰ ਅਰਦਾਸ ਕਰਨ ਦਾ ਹੱਕ ਪ੍ਰਦਾਨ ਕਰਦੀ ਹੈ । ਪਹਿਲੋਂ ਆਪਣੇ ਆਪ ਨੂੰ ਇਸ ਯੋਗ ਬਨਾਉਣਾ ਕਿ ਅਸੀਂ ਸੇਵਾ ਕਰ ਸਕੀਏ ਅਤੇ ਫਿਰ ਅਰਦਾਸ ਕਰਨਾ ਕਿ ਸਾਨੂੰ ਇਹ ਸੇਵਾ ਮਿਲੇ ਦੋਵੇਂ ਗਲਾਂ ਹੀ ਪੂਰੀਆਂ ਹੋਣ ਤਾਂ ਹੀ ਸਫਲ ਹੋਈਦਾ ਹੈ । ਇਤਿਹਾਸ ਦੇ ਵਰਕੇ ਫਰੋਲਿਆਂ ਪਤਾ ਲਗੇਗਾ ਕਿ ਜੋ ਲੋਕ ਆਪਣੇ ਆਪ ਨੂੰ ਯੋਗ ਬਨਾਉਣ ਤੋਂ ਬਿਨਾਂ ਨਿਰੀਆਂ ਅਰਦਾਸਾਂ ਤੇ ਹੀ ਨਿਰਭਰ ਕਰਦੇ ਰਹੇ ਉਨ੍ਹਾਂ ਦੀਆਂ ਅਰਦਾਸਾਂ ਵੀ ਨ ਸੁਣੀਆਂ ਗਈਆਂ । ਸੋਮ ਨਾਥ ਦਾ ਮੰਦਰ ਲੁਟਣ ਅਤੇ ਬੁੱਤ ਤੋੜੇ ਜਾਣ ਦੇ ਖਿਲਾਫ ਮੰਦਰ ਦੇ ਪਾਂਡਿਆਂ ਨੇ ਅਣਗਿਣਤ ਅਰਦਾਸਾਂ ਕੀਤੀਆਂ ਪਰ ਕਿਸੇ ਦੇਵਤੇ ਨੇ ਉਨ੍ਹਾਂ ਦੀ ਪੁਕਾਰ ਨ ਸੁਣੀ ਅਤੇ ਮਹਿਮੂਦ ਗਜ਼ਨਵੀ ਇਸ ਮੰਦਰ ਦੇ ਹੀਰੇ ਮੋਤੀ ਜਵਾਹਰ ਤੇ ਸੋਨਾ ਚਾਂਦੀ ਲਦ ਕੇ ਲੁਟ ਲੈ ਗਿਆ । ਅਜੇਹੇ ਵਾਕਿਆਤ ਇਕ ਵਾਰ ਨਹੀਂ, ਕਈ ਵਾਰ, ਭਾਰਤੀ ਲੋਕਾਂ ਅਤੇ ਉਨ੍ਹਾਂ ਦੇ ਧਰਮ ਮੰਦਰਾਂ ਨਾਲ ਵਰਤੇ, ਬੜੇ ਸੰਤ ਪੀਰ ਫਕੀਰ ਮਨਾਏ ਗਏ ਪਰ ਕਿਸੇ ਨੇ ਵੀ ਉਨ੍ਹਾਂ ਦੀ ਬਾਂਹ ਨ ਫੜੀ । ਬਾਬਰ ਦੀ ਲੁਟ ਮਾਰ ਅਤੇ ਸਾੜ ਫੂਕ ਸਮੇਂ ਕੀ ਹਿੰਦੂਆਂ ਤੇ ਕੀ ਮੁਸਲਮਾਨਾਂ ਸਭ ਨੇ ਬਥੇਰੇ ਬੇਦ ਕਤੇਬ ਪੜ੍ਹੇ ਤੇ ਰਬ ਨੂੰ ਯਾਦ ਕੀਤਾ :

'ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ
ਜਾਤਿ ਸਨਾਤੀ ਹੋਰ ਹਿੰਦਵਾਣੀਆ ਇਹ ਭੀ ਲੇਖੈ ਲਾਇ ਵੇ ਲਾਲੋ'

ਗੁਰੂ ਨਾਨਕ ਦੇਵ ਜੀ ਦਸਦੇ ਹਨ ।

'ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ'

ਅਰਥਾਤ ਜਦੋਂ ਹਿੰਦ ਵਾਸੀਆਂ ਨੇ ਮੀਰ ਬਾਬਰ ਚੜ੍ਹਿਆ ਆਉਂਦਾ ਸੁਣਿਆ ਤਾਂ ਕ੍ਰੋੜਾਂ ਹੀ ਪੀਰ ਮੰਤਰਾਂ ਜੰਤਰਾਂ ਦੁਆਰਾ ਉਸ ਨੂੰ ਰੋਕ ਰਹੇ ਪਰ ਤਕੀਏ ਟਿਕਾਣੇ ਅਤੇ ਪੱਕੇ ਮੰਦਰ ਵੀ ਸਾੜ ਫੂਕ ਦਿਤੇ ਗਏ ਅਤੇ ਪਠਾਨ ਸ਼ਾਹਜ਼ਾਦੇ ਟੁਕੜੇ ੨ ਕੀਤੇ ਅਤੇ ਮਿਟੀ ਵਿਚ ਰੋਲੇ ਗਏ ਅਤੇ ਪੀਰਾਂ ਫਕੀਰਾਂ ਦੇ ਕਿਸੇ ਜਤਨ ਨੇ ਕਿਸੇ ਮੁਗ਼ਲ ਦਾ ਕੁਝ ਨ ਵਿਗਾੜਿਆ ਅਤੇ ਨ ਜੰਤਰ ਮੰਤਰ ਕੰਮ ਆਏ ।

ਇਸ ਤਬਾਹੀ ਦਾ ਕਾਰਨ ਗੁਰੂ ਜੀ ਇਕ ਸਤਰ ਅੰਦਰ ਇਉਂ ਦਸਦੇ ਹਨ :

'ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ'

ਅਰਥਾਤ ਵਾਹਿਗੁਰੂ ਵਲੋਂ ਜਿਸ ਨੂੰ ਖੁਆਰੀ ਮਿਲਣੀ ਹੁੰਦੀ ਹੈ ਉਸ ਦੇ ਅੰਦਰੋਂ ਪਹਿਲੋਂ ਚੰਗਿਆਈਆਂ ਜਾਂ ਚੰਗੇ ਗੁਣ ਚਲੇ ਜਾਂਦੇ ਹਨ, ਅਥਵਾ ਉਨ੍ਹਾਂ ਦੀ ਭ੍ਰਿਸ਼ਟਾਚਾਰੀ ਹੀ ਉਨ੍ਹਾਂ ਦੀ ਖੁਆਰੀ ਦਾ ਕਾਰਨ ਹੁੰਦਾ ਹੈ ।

ਫਿਰ ਗੁਰੂ ਜੀ ਫੁਰਮਾਉਂਦੇ ਹਨ :

'ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ'

ਅਰਥਾਤ ਜੇ ਵੇਲੇ ਸਿਰ ਪਹਿਲੋਂ ਰਬ ਨੂੰ ਯਾਦ ਕੀਤਾ ਹੁੰਦਾ ਤਾਂ ਕਿਉਂ ਦੁਖੀ ਹੁੰਦੇ । ਭਾਵ ਇਹ ਕਿ ਜੇ ਮਨੁੱਖ ਭੀੜ ਪੈਣ ਤੋਂ ਪਹਿਲਾਂ ਤਾਂ ਕੋਈ ਸਾਧਨ ਜਾਂ ਜੁਗਤ ਨਹੀਂ ਕਰਦਾ ਅਤੇ ਬਿਪਤਾ ਪੈਣ ਪਰ ਨਿਰੀਆਂ ਅਰਦਾਸਾਂ ਤੇ ਜ਼ੋਰ ਦੇਂਦਾ ਹੈ ਉਹ ਮੁਸੀਬਤ ਤੋਂ ਕਿਵੇਂ ਬਚ ਸਕਦਾ ਹੈ ? ਜਿਨ੍ਹਾਂ ਸੇਵਕਾਂ ਦੀਆਂ ਅਰਦਾਸਾਂ ਸੁਣੀਆਂ ਤੇ ਮੰਨੀਆਂ ਜਾਣੀਆਂ ਹੁੰਦੀਆਂ ਹਨ ਉਨ੍ਹਾਂ ਦੀ ਦਸ਼ਾ ਦਾ ਵਰਨਣ ਗੁਰੂ ਜੀ ਇਉਂ ਕਰਦੇ ਹਨ :

'ਸੇਵ ਕੀਤੀ ਸੰਤੋਖੀਂਈ ਜਿਨੀ ਸਚੋ ਸਚੁ ਧਿਆਇਆ
ਓਨੀ ਮੰਦੇ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ
ਓਨੀ ਦੁਨੀਆਂ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ'

ਅਰਥਾਤ ਸੇਵਾ ਕੀਤੀ ਹੋਈ ਉਨ੍ਹਾਂ ਦੀ ਹੀ ਸਫਲ ਸਮਝੀ ਜਾਂਦੀ ਹੈ ਜਿਨ੍ਹਾਂ ਦੀ ਬਿਰਤੀ ਅੰਦਰ ਰੱਜ ਆਇਆ ਹੈ ਅਥਵਾ ਜੋ ਪਰਾਇਆ ਧਨ ਮਾਲ ਵੇਖ ਭਰਮਦੇ ਨਹੀਂ, ਜਿਨ੍ਹਾਂ ਸਚ ਸਰੂਪ ਹਰੀ ਦੇ ਧਿਆਨ ਵਿਚ ਜੁੜ ਕੇ ਸਚ ਨੂੰ ਗ੍ਰਹਿਣ ਕਰ ਲਿਆ ਹੈ ਜੋ ਭ੍ਰਿਸ਼ਟਾਚਾਰ ਉਪਰ ਨਹੀਂ, ਸਗੋਂ ਧਰਮ ਵਾਲੀ ਨੇਕ ਕਮਾਈ ਉਤੇ ਨਿਰਭਰ ਰਹਿੰਦੇ ਹਨ ਜਿਨਾਂ ਨੂੰ ਦੁਨੀਆਵੀ ਲੋਭ ਲਾਲਚ ਮੋਹ ਮਾਨ ਨਹੀਂ ਡੁਲਾਉਂਦੇ ਬਲਕਿ ਜੋ ਕੇਵਲ ਨਿਰਬਾਹ ਮਾਤਰ ਪਦਾਰਥ ਤੇ ਸੰਤੁਸ਼ਟ ਰਹਿੰਦੇ ਹਨ । ਐਸੇ ਸੇਵਕਾਂ ਨੂੰ ਗੁਰਦੁਆਰਿਆ ਦਾ ਧਾਨ ਖੰਡ ਲਪੇਟੀ ਬਿਖ (ਜ਼ਹਿਰ) ਦਿਸ ਆਉਂਦੀ ਹੈ । ਅਜੇਹੇ ਸੇਵਕਾਂ ਦੀ ਹੀ ਅਰਦਾਸ ਸੁਣੀ ਜਾ ਸਕਦੀ ਹੈ । ਫਿਰ ਉਹ ਨਿਰਾ ਬਿਪਤਾ ਪੈਣ ਤੇ ਹੀ ਅਰਦਾਸਾ ਨਹੀਂ ਕਰਦੇ ਬਲਕਿ 'ਅਗੋਂ ਦੇ

ਜੋ ਚੇਤੀਐ ਤੇ ਅਮਲ ਕਰਦੇ ਹਨ। ਉਹ ਅਗੋਂ ਵਾਪਰਨ ਵਾਲੀਆਂ ਘਟਨਾਂ ਦੀ ਸੋਚ ਦੂਰ ਅੰਦੇਸ਼ੀ ਨਾਲ ਕਰਦੇ ਅਤੇ ਸਮੇਂ ਸਿਰ ਉਨ੍ਹਾਂ ਦਾ ਬਾਨ੍ਹਣੂੰ ਬੰਨ੍ਹਦੇ ਹਨ। ਓਹਨਾਂ ਦੇ ਕੀਤੇ ਹੋਏ ਉਦਮ ਪਰ ਅਰਦਾਸ ਸੋਨੇ ਤੇ ਸੁਹਾਗੇ ਦਾ ਕੰਮ ਦੇਂਦੀ ਹੈ।

ਗੁਰਦੁਆਰਿਆਂ ਦੀ ਸੇਵਾ ਸੰਭਾਲ ਸੰਬੰਧੀ ਗੁਰਦੁਆਰਿਆਂ ਦੇ ਹੀ ਪਿਛਲੇ ਇਤਿਹਾਸ ਤੇ ਨਿਗਾਹ ਮਾਰੀਏ ਤਾਂ ਕਈ ਸੇਧਾਂ ਮਿਲਦੀਆਂ ਹਨ:

(੧) ਗੁਰੂ ਕਾਲ ਤੋਂ ਪਿਛੋਂ ਦੋ ਸੌ ਸਾਲ ਤੋਂ ਵਧੇਰੇ ਸਮਾਂ ਇਨ੍ਹਾਂ ਦੀ ਸੇਵਾ ਸੰਭਾਲ ਨਿਰਮਲੇ ਤੇ ਉਦਾਸੀ ਸੰਪਰਦਾਵਾਂ ਦੇ ਹਥ ਵਿਚ ਰਹੀ ਅਤੇ ਇਨ੍ਹਾਂ ਲੋਕਾਂ ਨੇ ਵਡੇ ਉਤਸ਼ਾਹ ਤੇ ਸਿਦਕ ਦਿਲੀ ਨਾਲ ਇਹ ਸੇਵਾ ਨਿਬਾਹੀ, ਪਰ ਜਿਉਂ ਹੀ ਗੁਰਦੁਆਰਿਆਂ ਦੀਆਂ ਵਧੀਆਂ ਆਮਦਨਾਂ ਵੇਖ ਇਹ ਲੋਕ ਲੋਭ ਲਾਲਚ ਵਿਚ ਫਸ ਕੇ ਭ੍ਰਿਸ਼ਟਾਚਾਰੀ ਹੋ ਗਏ ਤਾਂ ਇਨਾਂ ਦੀ ਸੁਧਾਈ ਦੀ ਲੋੜ ਪਈ ਜਿਸ ਦਾ ਸਿਖਾਂ ਨੂੰ ਵਡਾ ਮੁੱਲ ਤਾਰਨਾ ਪਿਆ—ਕਿਤਨੇ ਹੀ ਸਿੰਘ ਸ਼ਹੀਦ ਹੋਏ, ਕਈਆਂ ਦੇ ਘਰ ਘਾਟ ਬਰਬਾਦ ਹੋ ਗਏ, ਕਈਆਂ ਨੇ ਬੇਤਹਾਸ਼ਾ ਡਾਂਗਾਂ ਦੀਆਂ ਮਾਰਾਂ ਖਾਧੀਆਂ, ਹਜ਼ਾਰਹਾ ਦੀ ਗਿਣਤੀ ਵਿਚ ਜੇਹਲੀਂ ਗਏ ਤਾਂ ਕਿਧਰੇ ਇਸ ਸੇਵਾ ਸੰਭਾਲ ਦੀ ਸਿਖ ਕੌਮ ਅਧਿਕਾਰੀ ਬਣੀ। ਜੇ ਕਰ ਗੁਰਦੁਆਰਿਆਂ ਅੰਦਰ ਓਹੋ ਮਸੰਦਾਂ ਤੇ ਪੁਜਾਰੀਆਂ ਵਾਲੀ ਭ੍ਰਿਸ਼ਟਾਚਾਰੀ ਪੈਦਾ ਹੋ ਜਾਇ ਤਾਂ ਇਤਿਹਾਸ ਦੇ ਮੁੜ ਦੁਹਰਾਏ ਜਾਣ ਵਿਚ ਕੀ ਸ਼ੱਕ ਰਹਿ ਜਾਂਦਾ ਹੈ?

(੨) ਗੁਰਦੁਆਰਿਆਂ ਦਾ ਪਿਛਲਾ ਇਤਿਹਾਸ ਇਸ ਗੱਲ ਦੀ ਭੀ ਸਾਖ ਭਰਦਾ ਹੈ ਕਿ ਜਦੋਂ ਸਮੇਂ ਦੀਆਂ ਹਕੂਮਤਾਂ ਵਲੋਂ ਇਨ੍ਹਾਂ ਦੀ ਬੇਹੁਰਮਤੀ ਹੋਈ ਅਤੇ ਇਨ੍ਹਾਂ ਦੇ ਨਾਮ ਮੇਟ ਦੇਣ ਦੇ ਜਤਨ ਕੀਤੇ ਗਏ (ਜਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸੰਬੰਧ ਵਿਚ ਮਸੇ ਰੰਘੜ ਨੇ ਸੰਨ ੧੭੪੨ ਵਿਚ ਕੀਤਾ ਜਾਂ ਅਹਿਮਦਸ਼ਾਹ ਅਬਦਾਲੀ ਵਲੋਂ ਸੰਨ ੧੭੫੭ ਤੋਂ ੧੭੬੨ ਤਕ ਹੁੰਦਾ ਰਿਹਾ) ਅਤੇ ਸਿਖਾਂ ਲਈ ਸ੍ਰੀ ਦਰਬਾਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੇ ਦਰਸ਼ਨ ਇਸ਼ਨਾਨ ਦੁਰਲਭ ਬਣਾਏ ਗਏ ਤਾਂ ਸਿਖਾਂ ਨੂੰ 'ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਇਸ਼ਨਾਨ' ਲਈ ਨਿਤਾ ਪ੍ਰਤੀ ਅਰਦਾਸ ਕਰਨ ਦੀ ਲੋੜ ਭਾਸੀ ਅਤੇ 'ਗੁਰੂ ਦੇ ਸਿਖਾਂ ਨੂੰ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ' ਸ਼ਬਦ ਓਹਨਾਂ ਦੀ ਨਿਤਾ ਪ੍ਰਤੀ ਅਰਦਾਸ ਦਾ ਭਾਗ ਬਣ ਗਏ ਅਤੇ ਇਸ ਅਰਦਾਸ ਨੂੰ ਫਲੀ ਭੂਤ ਕਰਨ ਲਈ

ਸਿਖ ਕੌਮ ਅੰਦਰ ਇਕ ਹਲੂਣਾ ਆਇਆ ਜਿਸ ਦੇ ਫਲ ਸਰੂਪ ਬਾਬਾ ਦੀਪ ਸਿੰਘ, ਬਾਬਾ ਗੁਰਬਖਸ਼ ਸਿੰਘ, ਭਾਈ ਮਨੀ ਸਿੰਘ ਜੈਸੇ ਅਨੇਕ ਸਿਘ ਸ਼ਹੀਦ ਹੋਏ ਅਤੇ ਗੁਰਦੁਆਰੇ ਦੀ ਹੋਂਦ ਅਤੇ ਪਵਿਤਰਤਾ ਨੂੰ ਕਾਇਮ ਰਖਣ ਲਈ ਸਿੰਘਾਂ ਨੂੰ ਕਰੜੀਆਂ ਘਾਲਣਾ ਘਾਲੀਆ ਪਈਆਂ ।

ਕਰੀਬਨ ਦੋ ਸੌ ਸਾਲ ਪਿਛੋਂ ਇਤਿਹਾਸ ਨੇ ਮੁੜ ਆਪਣੇ ਆਪ ਨੂੰ ਦੁਹਰਾਇਆ ਅਤੇ ਸੰਨ ੧੯੪੭ ਦੀ ਭਾਰਤ ਦੇਸ ਵੰਡ ਨੇ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਹਰਾ ਸਾਹਿਬ ਜਹੇ ਮੁਖੀ ਧਰਮ ਅਸਥਾਨਾਂ ਅਤੇ ਕਿਤਨੇ ਹੀ ਹੋਰ ਗੁਰਦੁਆਰਿਆਂ ਦੇ ਦਰਸ਼ਨ ਸਿਖਾਂ ਲਈ ਦੁਰਲਭ ਬਣਾ ਦਿਤੇ ਅਤੇ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਉਥੋਂ ਉਠਾ ਦਿਤਾ । ਓਹ ਪਾਵਨ ਅਸਥਾਨ ਜਿਥੋਂ ਰੋਜ਼ਾਨਾ ਸਵੇਰ ਸ਼ਾਮ ਧੁਰੋਂ ਆਈ ਬਾਣੀ ਦੀ ਰਸ ਭਿੰਨੀ ਤੇ ਮਿੱਠੀ ਗੁੰਜਾਰ ਅਨੇਕ ਤਪਦੇ ਹਿਰਦਿਆਂ ਨੂੰ ਠਾਰਦੀ ਅਤੇ 'ਨਾ ਕੋ ਬੈਰੀ ਨਾਹਿ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਦੀ ਧੁਨ ਹਿੰਦੂ ਮੁਸਲਮਾਨ ਸਭ ਨੂੰ ਸਾਂਝ ਸਾਂਝੀਵਾਲਤਾ ਦਾ ਸੰਦੇਸ਼ ਦੇਂਦੀ ਅਤੇ ਸਰੱਬਤ ਦਾ ਭਲਾ ਮੰਗਦੀ ਸੀ–ਉਨ੍ਹਾਂ ਪਾਵਨ ਅਸਥਾਨਾਂ ਨੂੰ ਜੰਦਰੇ ਲਗ ਗਏ, ਬਲਕਿ ਕਈ ਅਸਥਾਨ ਰਿਹਾਇਸ਼ੀ ਮਕਾਨਾਂ, ਅਤੇ ਡੰਗਰਾਂ ਦੇ ਤਬੇਲਿਆਂ ਵਿਚ ਬਦਲ ਦਿਤੇ ਗਏ ਪਰ ਕਿਸੇ ਭਾਈ ਮਤਾਬ ਸਿੰਘ ਮੀਰਾਂ ਕੋਟੀਏ ਜਾਂ ਬਾਬਾ ਗੁਰਬਖਸ਼ ਸਿੰਘ ਦੇ ਡੌਲੇ ਨਹੀਂ ਫਰਕੇ ਕਿ ਇਨ੍ਹਾਂ ਗੁਰ ਅਸਥਾਨਾਂ ਦੀ ਪਵਿਤਰਤਾ ਨੂੰ ਬਹਾਲ ਕਰ ਸਕੇ ।

ਇਹ ਠੀਕ ਹੈ ਕਿ ਜ਼ਮਾਨਾ ਬਦਲ ਚੁਕਾ ਹੈ ਅਤੇ ਓਹ ਸਾਧਨ ਜੋ ਅਠਾਰ੍ਹਵੀਂ ਸਦੀ ਵਿਚ ਠੀਕ ਸਨ ਅਜ ਵੀਂਹਵੀਂ ਸਦੀ ਵਿਚ ਸ਼ਾਇਦ ਠੀਕ ਨਾ ਹੋਣ ਪਰ ਕੀ ਇਹ ਮੰਨ ਲਿਆ ਜਾਏ ਕਿ ਕੋਈ ਸਾਧਨ ਸੰਭਵ ਨਹੀਂ ? ਅਜ ਜਦੋਂ ਕਿ ਲੋਕ ਰਾਏ ਨੂੰ ਵਡੀ ਮਾਨਤਾ ਪ੍ਰਾਪਤ ਹੈ ਅਤੇ ਰਾਜ ਸਮਾਜ ਅਤੇ ਧਰਮ ਸੁਤੰਤਰਤਾ ਦੇ ਹੱਕਾਂ ਨੂੰ ਸੁਰਖਿਅਤ ਕਰਨਾ ਅੰਤਰ ਰਾਸ਼ਟਰੀ ਸਭਾ (ਯੂ: ਐਨ: ਓ) ਦਾ ਮੁਖ ਉਦੇਸ਼ ਮਿਥਿਆ ਗਿਆ ਹੋਇਆ ਹੈ ਤਾਂ ਕੋਈ ਵਜਹ ਨਹੀਂ ਕਿ ਦੁਨੀਆਂ ਭਰ ਅੰਦਰ ਵਸਦੇ ਦੋ ਕ੍ਰੋੜ ਸਿਖਾਂ ਦੇ ਧਾਰਮਕ ਜਜ਼ਬਾਤ ਨੂੰ ਇਸ ਤਰਾਂ ਮਸਲ ਦਿਤਾ ਜਾਵੇ ਜੈਸਾ ਕਿ ਨਵੀਆਂ ਸਥਾਪਤ ਹੋਈਆਂ ਇਸਲਾਮੀ ਹਕੂਮਤਾਂ ਕਰ ਰਹੀਆਂ ਹਨ । ਫਿਰ ਜਦੋਂ ਜ਼ਿੰਦਗੀ ਤੇ ਮੌਤ ਜਹੇ ਅਹਿਮ ਮਾਮਲੇ ਬਾਹਮੀ ਵਿਚਾਰ

ਫ਼ਟਾਂਦਰਿਆਂ ਨਾਲ ਨਿਪਟ ਜਾਣ ਦਾ ਰਾਹ ਅਪਣਾਇਆ ਗਿਆ ਹੋਵੇ ਅਤੇ ਯੂ: ਐਨ: ਓ: ਜੇਹੀ ਸੰਸਥਾ ਅਜੇਹਾ ਕਰਾਉਣ ਦੀ ਜ਼ਾਮਨ ਹੋਵੇ ਤਾਂ ਗੁਰਦੁਆਰਿਆਂ ਦੀ ਪਾਠ ਪੂਜਾ ਦੀ ਅਜ਼ਾਦੀ ਦਾ ਸਾਦਾ ਜਹਾ ਮਸਲਾ ਕਿਉਂ ਹੱਲ ਨਾ ਹੋਵੇ। ਫਿਰ ਗੁਜ਼ਰੇ ਤੀਹ ਸਾਲਾਂ ਵਿਚ ਤਿੰਨ ਵਾਰ ਪਾਕਸਤਾਨ ਦੀ ਭਾਰਤ ਨਾਲ ਟੱਕਰ ਹੋ ਚੁਕੀ ਹੈ ਅਤੇ ਹਰ ਵਾਰ ਭਾਰਤ ਨੇ ਪਾਕਸਤਾਨ ਦੀਆਂ ਅਨੇਕ ਮੰਗਾਂ ਪ੍ਰਵਾਨ ਕੀਤੀਆਂ ਹਨ ਤਾਂ ਕੀ ਕਾਰਨ ਹੈ ਕਿ ਸਿਖਾਂ ਦੀ ਆਪਣੇ ਧਰਮ-ਅਸਥਾਨ ਦੀ ਸੇਵਾ ਸੰਭਾਲ ਦੀ ਗੱਲ ਪ੍ਰਵਾਨ ਨਾ ਹੋਵੇ ਅਤੇ ਇਹ ਅਸਥਾਨ ਦਿਨੋ ਦਿਨ ਖਤਮ ਹੁੰਦੇ ਜਾ ਰਹੇ ਹੋਣ। ਕੀ ਭਾਰਤ ਦੀ ਸੁਤੰਤਰ ਸਰਕਾਰ ਨੂੰ ਤੀਹ ਸਾਲਾਂ ਅੰਦਰ ਕਦੀ ਵੀ ਇਹ ਖਿਆਲ ਨਹੀਂ ਆਇਆ ਕਿ ਇਸ ਪੱਖੋਂ ਸਿਖ ਜਜ਼ਬਾਤ ਕਿੰਨੇ ਤੀਖਣ ਹਨ ? ਕੀ ਸਿਖ ਮੁਖੀ ਅਤੇ ਵਿਧਾਇਕ ਏਨੇ ਕਠੋਰ ਚਿਤ ਹੋ ਗਏ ਹਨ ਕਿ ਉਨਾਂ ਨੂੰ ਸਿਖ ਜਨਤਾ (Masses), ਜਿਨਾ ਦੀਆਂ ਵੋਟਾਂ ਨਾਲ ਓਹ ਮੁਖੀ ਬਣਦੇ ਹਨ, ਦੇ ਹਿਰਦਿਆਂ ਦੀ ਇਹ ਪੀੜ ਪੌਂਹਦੀ ਹੀ ਨਹੀਂ ? ਜੇ ਕਰ ਉਨ੍ਹਾਂ ਦੇ ਦਿਲ ਅੰਦਰ ਰਤਾ ਭਰ ਵੀ ਐਸਾ ਇਹਸਾਸ ਹੁੰਦਾ ਤਾਂ ਉਨ੍ਹਾਂ ਦੇ ਚੋਣ ਮੈਨੀਫੈਸਟੋ ਦਾ ਮੁਖ ਅੰਕ ਪਾਕਸਤਾਨ ਅੰਦਰ ਗੁਰਦੁਆਰਿਆਂ ਦੀ ਅਜ਼ਾਦੀ ਤੇ ਸੇਵਾ ਸੰਭਾਲ ਲਿਖਿਆ ਹੁੰਦਾ ?

ਦੇਸ਼ ਦੀ ਵੰਡ ਅਥਵਾ ਸੰਨ ੧੯੪੭ ਵਿਚ ਪਾਕਸਤਾਨ ਅੰਦਰ ਰਹੇ ਸਾਰੇ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਹਿਤ ਸਨ। ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਹਰਾ ਸਾਹਿਬ ਲਾਹੌਰ ਤਾਂ ਸਿੱਧੇ ਹੀ ਇਸ ਦੇ ਚਾਰਜ ਵਿਚ ਸਨ ਅਤੇ ਬਾਕੀ ਗੁਰਦੁਆਰਿਆਂ ਦੀ ਭੀ ਇਹ ਕਮੇਟੀ ਨਿਗਰਾਨ ਸੀ। ਤਾਂ ਕੀ ਇਸ ਕਮੇਟੀ ਦਾ ਇਹ ਮੁਖ ਫਰਜ਼ ਨਹੀਂ ਸੀ ਕਿ ਆਪਣੇ ਅਧਿਕਾਰ 'ਚੋਂ ਨਿਕਲਦੇ ਜਾ ਰਹੇ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਜਾਰੀ ਰਖਣ ਦਾ ਇਹ ਜਤਨ ਕਰਦੀ ਬਲਕਿ ਅਗਰ ਕਮੇਟੀ ਚਾਹੁੰਦੀ ਤਾਂ ਇਸੇ ਇਸ਼ੂ ਨੂੰ ਸਿਖ ਕੌਮ ਦੀ ਏਕਤਾ ਬਣਾਏ ਰਖਣ ਦੇ ਸਾਧਨ ਦੇ ਤੌਰ ਵਰਤ ਕੇ ਦੇਸ ਦੀ ਸਰਕਾਰ ਨਾਲ ਇਸੇ ਇਸ਼ੂ ਤੇ ਟੱਕਰ ਲੈਂਦੀ ਅਤੇ ਸਰਕਾਰ ਨੂੰ ਮਜਬੂਰ ਕਰਦੀ ਕਿ ਪਾਕਸਤਾਨ ਸਰਕਾਰ ਨਾਲ ਇਸ ਦਾ ਨਿਪਟਾਰਾ ਕਰੇ ਪਰ ਅਫਸੋਸ ਕਿ ਸਭ ਕਿਸੇ ਨੇ, ਭਾਵੇਂ ਕੋਈ ਵਿਧਾਇਕ ਸੀ, ਵਜ਼ੀਰ ਸੀ ਜਾਂ ਪ੍ਰਧਾਨ ਤਥਾ ਜਥੇਦਾਰ ਸੀ, ਕਿਸੇ ਨੇ ਆਪਣੀ ਕੁਰਸੀ ਨੂੰ ਕੌਮ ਦੇ ਇਸ ਅਹਿਮ ਮਸਲੇ ਉਪਰੋਂ ਵਾਰਨਾ ਯੋਗ ਨਾ ਸਮਝਿਆ।

ਜੇ ਕਰ ਸੰਨ ੧੭੬੪-੬੫ ਵਿਚ ਬਾਬਾ ਗੁਰਬਖਸ਼ ਸਿੰਘ ਕੇਵਲ ਤੀਹ ਸਿੰਘਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਪਵਿਤਰਤਾ ਲਈ ਅਬਦਾਲੀ ਦੀ ਛੱਤੀ ਹਜ਼ਾਰ ਫੌਜ ਮੂਹਰੇ ਡਟ ਕੇ ਸਿਖਾਂ ਦੇ ਜਜ਼ਬਾਤ ਦਾ ਦਮ ਭਰ ਸਕਦਾ ਸੀ ਤਾਂ ਕੀ ਸਾਡੇ ਅਜ ਦੇ ਮੁਖੀ ਚੀਰੇ ਵਾਲਿਆਂ ਅੰਦਰ ਭਾਰਤ ਦੀ ਸਰਕਾਰ ਪਾਸ ਸਿਖ ਜਜ਼ਬਾਤ ਦੀ ਤਰਜਮਾਨੀ ਕਰਨ ਦੇ ਭੀ ਕਦੀ ਅਹਿਲ ਨਹੀਂ ਹੋਏ ?

ਅਜੇ ਭੀ ਡੁੱਲੇ ਬੇਰ ਮੁੜ ਇਕੱਠੇ ਹੋ ਸਕਦੇ ਹਨ ਬਸ਼ਰਤੇ ਕਿ ਅਜ ਦੇ ਸਿਖ ਵਿਧਾਇਕ ਤੇ ਵਜ਼ੀਰ ਅਤੇ ਸਾਡੀ ਸ੍ਰੋਮਣੀ ਕਮੇਟੀ ਤੇ ਅਕਾਲੀ ਦਲ ਅਤੇ ਇਨਾਂ ਦੇ ਪ੍ਰਧਾਨ ਤੇ ਜਥਦਾਰ ਹੁਣ ਭੀ ਇਹ ਤਹਈਆ ਕਰ ਲੈਣ ਕਿ ਅਸਾਂ ਪਾਕਿਸਤਾਨ ਤੇ ਬੰਗਲਾ ਦੇਸ਼ ਅੰਦਰ ਰਹੇ ਗੁਰਦੁਆਰਿਆ ਦੀ ਪਵਿਤਰਤਾ ਤੇ ਮਰਯਾਦਾ ਨੂੰ ਬਹਾਲ ਕਰਾਉਣਾ ਹੈ ।

ਵਰਨਾ ਗੁਰੂ ਕੇ ਸਿੰਘੋ, ਏਨਾ ਸਮਾਂ ਹੋਰ ਬੀਤਣ ਤਕ ਇਨ੍ਹਾਂ ਅਸਥਾਨਾਂ ਦੇ ਸ਼ਾਇਦ ਨਿਸ਼ਾਨ ਭੀ ਮਿਲਣ ਜਾਂ ਨਾਂ । ਅਜੇਹੇ ਅਸਥਾਨਾਂ ਦੀ ਹੋਂਦ ਉਪਰ ਹੀ ਕੌਮਾਂ ਦੇ ਇਤਿਹਾਸ ਉਸਰਿਆ ਕਰਦੇ ਹਨ । ਜਿਸ ਕੌਮ ਨੇ ਆਪਣੀਆਂ ਇਤਿਹਾਸਕ ਯਾਦ ਨੂੰ ਭੁਲਾ ਦਿਤਾ ਉਸ ਦਾ ਭਵਿਖ ਭੀ ਹਨੇਰਾ ਹੀ ਸਮਝੋ ।

ਭਾਰਤ ਤੋਂ ਬਾਹਰ ਮੱਕਾ ਮਦੀਨਾ ਬਗ਼ਦਾਦ ਅਤੇ ਤਿਬਤ, ਅਫਗ਼ਾਨਸਤਾਨ ਈਰਾਨ, ਲੰਕਾ ਮਿਸਰ ਆਦਿ ਅੰਦਰ ਕਈ ਅਸਥਾਨ ਜਿਥੇ ਜਿਥੇ ਗੁਰੂ ਨਾਨਕ ਦੇਵ ਜੀ ਨੇ ਚਰਣ ਪਾਏ, ਅਜ ਇਤਿਹਾਸ ਦੇ ਵਰਕਿਆਂ ਤੇ ਹੀ ਲਿਖੇ ਮਿਲਦੇ ਹਨ । ਅਸੀਂ ਉਨ੍ਹਾਂ ਦੀਆਂ ਯਾਦਾਂ ਕਾਇਮ ਨਹੀਂ ਰਖ ਸਕੇ, ਤਾਂ ਇਸ ਵਿਚ ਕੀ ਸ਼ੱਕ ਹੈ ਕਿ ਜੇ ਕਰ ਅਸਾਂ ਨਨਕਾਣਾ ਸਾਹਿਬ ਪੰਜਾ ਸਾਹਿਬ ਡੇਹਰਾ ਸਾਹਿਬ ਅਤੇ ਸਿੰਘਾਂ ਸਿੰਘਣੀਆਂ ਦੇ ਸ਼ਹੀਦ ਗੰਜਾਂ ਦੀ ਸੰਭਾਲ ਅਜ ਨ ਕੀਤੀ ਤਾਂ ਕੁਝ ਸਮੇਂ ਤਕ ਸ਼ਾਇਦ ਇਨ੍ਹਾਂ ਦੀ ਹੋਂਦ ਨੂੰ ਤਸਲੀਮ ਨ ਕੀਤਾ ਜਾਏ ਅਤੇ ਜਿਨ੍ਹਾਂ ਸ਼ਹੀਦੀਆਂ ਉਪਰ ਕੌਮ ਨੂੰ ਵਡਾ ਮਾਣ ਹੈ ਅਤੇ ਜਿਨਾਂ ਦੇ ਸਿਰ ਪਰ ਕੌਮ ਹੁਣ ਤਕ ਜੀਉਂਦੀ ਹੈ ਉਨ੍ਹਾਂ ਦੇ ਨਿਸ਼ਾਨ ਨ ਰਹਿਣ ਨਾਲ ਸ਼ਾਇਦ ਕਿਸੇ ਸਮੇਂ ਇਹ ਅਦੁਤੀ ਕੁਰਬਾਨੀਆਂ ਮਿਥਿਹਾਸ ਬਣਕੇ ਹੀ ਰਹਿ ਜਾਣ ।

ਨੋਟ : ਯੂਨਾਈਟਿਡ ਸਟੇਟਸ ਅਮਰੀਕਾ ਅਤੇ ਕੈਨੇਡਾ ਅੰਦਰ ਪ੍ਰਕਾਸ਼ਤ ਹੁੰਦੇ

ਇਕ ਤ੍ਰਿਮਾਹੀ ਮੈਗਜ਼ੀਨ 'ਸਿਖ ਸੰਸਾਰ' ਦੇ ਦਸੰਬਰ ੧੯੯੬ ਦੇ ਪਰਚੇ ਵਿਚ ਇਹ ਪੜ੍ਹ ਕੇ ਕੁਝ ਢਾਰਸ ਬਝੀ ਹੈ ਕਿ ਯੂ. ਐਸ. ਏ, ਕੈਨੇਡਾ, ਇੰਗਲੈਂਡ, ਈਰਾਨ, ਜਾਪਾਨ, ਹੌਂਗ ਕੌਂਗ ਟਾਪੂ ਆਦਿ ਦੇਸਾਂ ਅੰਦਰ ਵਸਦੇ ਕੁਝ ਸੂਝਵਾਨ ਸਿੰਘਾਂ ਨੇ 'ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ' ਨਾਮ ਦੀ ਇਕ ਸੰਸਥਾ ਕਾਇਮ ਕੀਤੀ ਹੈ ਜਿਸ ਨੇ ਪਾਕਿਸਤਾਨ ਅੰਦਰ ਰਹੇ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਸਿਖ ਗੁਰਦੁਆਰਿਆਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਲਈ ਮਤੇ ਪਾਸ ਕੀਤੇ ਅਤੇ ਪਾਕਿਸਤਾਨ ਸਰਕਾਰ ਨਾਲ ਇਸ ਬਾਰੇ ਲਿਖਾ ਪੜ੍ਹੀ ਆਰੰਭੀ ਹੈ। ਉਸ ਫਾਊਂਡੇਸ਼ਨ ਦੇ ਪ੍ਰਬੰਧ ਹੇਠ ਉਨ੍ਹਾਂ ਦੇਸਾਂ ਦੇ ਵਸਨੀਕਾਂ ਨੇ ਇਨ੍ਹਾਂ ਗੁਰਦੁਆਰਿਆਂ ਦੀ ਯਾਤਰਾ ਸਮੇਂ ਸਮੇਂ ਕਰਦੇ ਰਹਿਣ ਦੇ ਪ੍ਰੋਗਰਾਮ ਵੀ ਉਲੀਕੇ ਹਨ ਬਲਕਿ ੨੩ ਸਿੰਘ ਸਿੰਘਣੀਆਂ ਦਾ ਇਕ ਜਥਾ ਇਹ ਯਾਤਰਾ ਪਿਛੇ ਜਹੇ ਕਰ ਵੀ ਗਿਆ ਹੈ। ਕੀ ਭਾਰਤ ਅੰਦਰ ਸਥਾਪਤ ਸਿਖ ਸੰਸਥਾਵਾਂ ਵੀ ਇਸ ਵੱਲ ਧਿਆਨ ਦੇਣਗੀਆਂ ਅਤੇ ਭਾਰਤ ਅੰਦਰ ਵਸਦੇ ਸਿਖਾਂ ਦੀ ਇਸ ਵਿਸ਼ੇ ਤੇ ਰਾਏ ਆਮਾ (Public opinion) ਬਣਾਉਂਦੇ ਹੋਏ ਭਾਰਤ ਸਰਕਾਰ ਉਪਰ ਐਸਾ ਜ਼ੋਰ ਦੇਣ ਦੇ ਸਾਧਨ ਅਪਨਾਉਣਗੀਆਂ ਕਿ ਉਹ ਸਿਖ ਜਜ਼ਬਾਤ ਦੀ ਤਰਜਮਾਨੀ ਪਾਕਿਸਤਾਨ ਅਤੇ ਬੰਗਲਾ ਦੇਸ਼ ਸਰਕਾਰਾਂ ਪਾਸ ਕਰੇ ਅਤੇ ਸਾਂਝੇ ਵਿਚਾਰ ਵਟਾਂਦਰੇ ਦੁਆਰਾ ਉਨ੍ਹਾਂ ਦੇਸ਼ਾਂ ਅੰਦਰ ਰਹੇ ਗੁਰਦੁਆਰਿਆਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਅਤੇ ਸਿਖੀ ਮਰਯਾਦਾ ਅਨੁਸਾਰ ਸੇਵਾ ਸੰਭਾਲ ਦੀ ਸਉਂਪਣਾ ਸਿਖਾਂ ਨੂੰ ਕਰਾਵੇ ? ਇਹ ਸਮੁਚੀ ਸਿਖ ਕੌਮ ਦਾ ਸਾਂਝਾ ਧਾਰਮਕ ਮਸਲਾ ਹੈ ਅਤੇ ਇਸ ਨੂੰ ਇਸੇ ਭਾਵਨਾ ਨਾਲ ਨਜਿਠਣਾ ਦੇਸ਼ ਦੀ ਸਰਕਾਰ ਦੀ ਜ਼ਿਮੇਂਵਾਰੀ ਹੈ।

—॰੦॰—

ਗੁਰ ਸਿਖੋ, ਗੁਰਦੁਆਰੇ ਹੀ ਤੁਹਾਡੀ ਸਿਖੀ ਦੇ ਸਹੀ
ਜ਼ਾਮਨ ਬਣ ਸਕਦੇ ਹਨ। ਗੁਰਦਆਰੇ ਦੀ ਨਿਤਾ-ਪ੍ਰਤੀ
ਹਾਜ਼ਰੀ ਸਿਖ ਮਾਤਰ ਦਾ ਪਰਮ ਧਰਮ ਹੈ।
ਪਰ ਗੁਰਦੁਆਰੇ ਨੂੰ ਠਾਕਰਦੁਆਰਾ ਨ
ਬਣਾਓ-ਇਹ ਜਾਗਤ ਜੋਤਿ ਗੁਰੂ ਦਾ
ਅਸਥਾਨ ਹੈ-ਇਹ ਤਦੇ ਹੀ ਹੋਵੇਗਾ,
ਜੇ ਕਰ ਤੁਸੀਂ ਆਪੂ ਗੁਰਬਾਣੀ
ਦਾ ਪਾਠ ਕਰੋਗੇ ਅਤੇ ਬਾਣੀ
ਨੂੰ ਵਿਚਾਰੋਗੇ ਇਸ ਲਈ
ਸਿਖ ਮਾਤਰ ਲਈ
ਜ਼ਰੂਰੀ ਹੈ ਕਿ
ਓਹ
ਪੰਜਾਬੀ (ਗੁਰਮੁਖੀ) ਪੜ੍ਹੈ
ਗੁਰਮੁਖੀ ਲਿਖੇ ਅਤੇ
ਗੁਰਮੁਖੀ ਵਿਚ ਪ੍ਰਕਾਸ਼ਤ
ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ
ਕੁਝ ਸਮਾਂ ਹਰ ਰੋਜ਼ ਪੜ੍ਹੇ ਤੇ ਵਿਚਾਰੇ

# ਪਾਕਸਤਾਨ ਅੰਦਰ ਰਹੇ ਗੁਰਦੁਆਰੇ

## ਇਸ ਟ੍ਰੈਕਟ ਲਈ ਸਹਾਇਕਾਂ ਦੇ ਨਾਮ

1 ਸ੍ਰੀ ਗੁਰੂ ਸਿੰਘ ਸਭਾ ਪਟਿਆਲਾ
2 ਗੁਰਮਤਿ ਪ੍ਰਚਾਰ ਸਭਾ 7 ਗੋਬਿੰਦ ਨਗਰ ਡੇਹਰਾਦੂਨ
3 ਸ੍ਰੀ ਗੁਰੂ ਕਲਗੀਧਰ ਸੇਵਕ ਜਥਾ ਬੀਕਾਨੇਰ
4 ਸ੍ਰ: ਆਤਮਾ ਸਿੰਘ ਗੁਰਚਰਨ ਸਿੰਘ ਤਹਿਸੀਲ ਰੋਡ ਜਗਰਾਉਂ
5 ਡਾ: ਪ੍ਰਹਿਲਾਦ ਸਿੰਘ ਆਟੋ ਸੈਂਟਰ ਮੇਨ ਰੋਡ ਰਾਂਚੀ (ਬਿਹਾਰ)
6 ਸ੍ਰ: ਇੰਦਰ ਸਿੰਘ ਸੁਰਿੰਦਰ ਮੋਟਰਜ਼ ਧਨਬਾਦ (ਬਿਹਾਰ)
7 ਸ੍ਰ: ਗੁਰਚਰਨ ਸਿੰਘ ਕਰਨੂਲ (ਆਂਧਰਾ ਪ੍ਰਦੇਸ਼)
8 ਬ੍ਰਿਗੇਡੀਅਰ ਕੁਸ਼ਲਪਾਲ ਸਿੰਘ ਸੇਵਾ ਭਵਨ ਨਾਭਾ
9 ਬੇਦੀ ਸੁਹਿੰਦਰ ਸਿੰਘ 10/23 ਵੈਸਟ ਪਟੇਲ ਨਗਰ ਨਵੀਂ ਦਿਲੀ
10 ਸ੍ਰ: ਦਰਸ਼ਨ ਸਿੰਘ 710 ਸੁਦਰਸ਼ਨ ਪਾਰਕ, ਨਵੀਂ ਦਿਲੀ
11 ਪ੍ਰੋਫੈਸਰ ਰਣਜੀਤ ਸਿੰਘ M. A. B. ED. ਕਾਲਜ ਮੋਗਾ
12 ਸ੍ਰ: ਸਰੂਪ ਸਿੰਘ ਐਂਡ ਸਨਜ਼ ਆੜ੍ਹਤੀ ਦਾਣਾ ਮੰਡੀ ਜਗਰਾਉਂ
13 ਸ੍ਰ: ਇੰਦਰ ਸਿੰਘ ਜੁਗਿੰਦਰ ਸਿੰਘ ਅਕਾਲੀ ਚੌਕੀ ਮਾਨ
14 ਪੰਜਾਬ ਆਇਰਨ ਸਟੋਰਜ਼ ਲਾਜਪਤ ਰਾਏ ਰੋਡ ਜਗਰਾਉਂ
15 ਡਾਕਟਰ ਹਰਦਿਆਲ ਕੌਰ ਜੀ ਤਹਿਸੀਲ ਰੋਡ ਜਗਰਾਉਂ
16 ਸ੍ਰ: ਕਰਤਾਰ ਸਿੰਘ (ਕਲਕਤੇ ਵਾਲੇ) ਇਹਾਤਾ ਬਦਨ ਸਿੰਘ ਮੋਗਾ
17 ਸ੍ਰ: ਬਲਵੰਤ ਸਿੰਘ ਡੀਡ ਰਾਈਟਰ ਮਹੱਲਾ ਸ਼ਹੀਦ ਭਗਤ ਸਿੰਘ ਜਗਰਾਉਂ
18 ਮੇਜਰ ਮਹਿੰਦਰ ਸਿੰਘ ਜੀ ਨੇੜੇ ਗੁਰਦੁਆਰਾ ਜਗਰਾਉਂ
19 ਗਿਆਨੀ ਕਰਤਾਰ ਸਿੰਘ ਜੀ ਅਤੇ ਮਾਤਾ ਰਾਜ ਕੌਰ ਪਿੰਡ ਰਸੂਲਪੁਰ
20 ਸ੍ਰ: ਅਲਬੇਲ ਸਿੰਘ ਤੂਤ ਮਹੱਲਾ ਹਰਗੋਬਿੰਦ ਪੁਰਾ ਜਗਰਾਉਂ

ਨੋਟ : ਗੁਰੂ ਨਾਨਕ ਮਿਸ਼ਨ ਵਲੋਂ ਵਿਸ਼ੇਸ਼ ਸਮਾਗਮ 8 ਸਤੰਬਰ ੧੯੭੭ ਨੂੰ ਸਵੇਰੇ ਦਸ ਵਜੇ ਪਬਲਿਕ ਲਾਇਬ੍ਰੇਰੀ ਪਟਿਆਲਾ ਵਿਚ ਹੋਵੇਗਾ ਜਿਸ ਵਿਚ ਲੇਖ ਲਿਖੇ ਵਿਜਿਆਂ ਤੇ ਲੇਖ ਅਤੇ ਮਿਸ਼ਨ ਦੇ ਕੰਮ ਦੀ ਰੀਪੋਰਟ ਪੜ੍ਹੇ ਜਾਣਗੇ— (੧) ਪੰਚ ਪਰਧਾਨੀ ਖਾਲਸਾ। (੨) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੌਰਵਤਾ। (੩) ਸਿਖੀ ਦੀ ਵਿਲੱਖਣਤਾ—ਉਪ੍ਰੰਤ ਪ੍ਰਧਾਨਗੀ ਭਾਸ਼ਨ ਹੋਵੇਗਾ ਇਨ੍ਹਾਂ ਲੇਖਾਂ ਤੇ ਰੀਪੋਰਟ ਦੀ ਕਾਪੀ ਸਾਰੇ ਮੈਂਬਰਸ ਨੂੰ ਭੇਜੀ ਜਾਵੇਗੀ। ਮਿਸ਼ਨ ਆਪਣੇ ਮੈਂਬਰਸ ਤੇ ਹੋਰ ਸਾਰੇ ਸਜਣਾਂ ਨੂੰ ਸਮਾਗਮ ਤੇ ਜੀ ਆਏ ਆਖਦਾ ਹੈ।

---


| ਪ੍ਰਕਾਸ਼ਕ : | ਪਹਿਲੀ ਵਾਰ | ਛਾਪਕ : |
|---|---|---|
| ਨਰੇਣ ਸਿੰਘ ਸਕੱਤਰ | ਅਗਸਤ 1977 | ਚੰਦਰਾਵਲ ਪ੍ਰਿੰਟਰਜ਼ |
| ਗੁਰੂ ਨਾਨਕ ਮਿਸ਼ਨ ਪਟਿਆਲਾ। | | ਚੌਬੀ ਘਾਟ, ਪਟਿਆਲਾ। |